ਮਾਸਿਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥
ਸੂਰਾ
ਲੁਧਿਆਣਾ
MONTHLY **SURA** LUDHIANA

# ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥
# ਸਗਲ ਸੰਸਾਰੁ ਉਧਰੈ ਤਿਨ ਮੰਤ ॥

ਸੁਖਮਨੀ (ਮ: ੫)

WHO HAS REALISED THE LORD, HE IS PRAISE WORTHY.
ALL THE WORLD IS SAVED WITH HIS SERMON.

AUGUST 97 ਅਗਸਤ ੯੭

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

ਤਤਕਰਾ


| | | | |
|---|---|---|---|
| ੧. ਭੁਲਣ ਵਿਚਿ ਕੀਆ ਸਭੁ ਕੋਈ | ੧ | ੮. ਆਓ ! ਵਿਰਸੇ ਨੂੰ ਸੰਭਾਲੀਏ | ੧੫ |
| ੨. ਧਰਮ ਰਾਇ ਦੀ ਦਰਗਾਹ | ੪ | ੯. ਖਾਲਸਾ ਪੰਥ ਹੋਸ਼ਿਆਰ ਬਾਸ਼ | ੧੯. |
| ੩. ਧੰਨ ਧੰਨ ਗੁਰਸਿੱਖ (ਕਵਿਤਾ) | ੬ | ੧੦. ਗੁਰਮਤਿ ਅਧਿਆਤਮਕ ਕਰਮ ਫਿਲਾਸਫ਼ੀ | ੨੨ |
| ੪. ਅੰਮ੍ਰਿਤ ਛਕੀਏ ਖੰਡੇਧਾਰ (ਕਵਿਤਾ) | ੭ | ੧੧. ਭੰਗਾਣੀ ਦਾ ਯੁੱਧ | ੨੮ |
| ੫. ਕੀ ਰਹਿਤ ਦੀ ਲੋੜ ਨਹੀਂ | ੮ | ੧੨. ਰਾਗ ਮਾਲਾ ਪੜਚੋਲ | ੩੧ |
| ੬. ਦੇਹ ਧਾਰੀ ਗੁਰੂ ਤੋਂ ਸਾਵਧਾਨੀ | ੧੧ | ੧੩ ਔਖੀ ਘਾਟੀ | ੩੫ |
| ੭. ਗੁਤਾਂ ਨੂੰ ਛੱਡੋ ਭੈਣੋਂ (ਕਵਿਤਾ) | ੧੪ | ੧੪ ਗੁਰਸਿਖੀ ਅਤੇ ਕੇਸ | ੩੮ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਜੋੜ ਮੇਲਾ ਬਾਬਾ ਬਕਾਲਾ | 18 ਅਗਸਤ |
| ਜਨਮ ਦਿਵਸ ਭਾਈ ਦਇਆ ਸਿੰਘ ਜੀ (ਪਿਆਰਾ) | 26 ਅਗਸਤ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ, ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ, ਸਿੰਘ ਜੀ, ੫੩੩/੩ –ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lamboume Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:–

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੯, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਅਗਸਤ ੧੯੯੭
ਅੰਕ ੮

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ: ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ: ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ: 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ, ਲੁਧਿਆਣਾ - ੧੪੧੦੦੨
(ਇੱਕ ਕਾਪੀ .... ੩.੦੦)

## ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।।

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ।।੧।।
ਕੋਈ ਜਾਣਿ ਨ ਭੂਲੈ ਭਾਈ।।
ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ।।੧।। ਰਹਾਉ।।
ਤਿਨਿ ਹਰੀਚੰਦਿ ਪ੍ਰਿਥਮੀਪਤਿ ਰਾਜੈ ਕਾਗਦਿ ਕੀਮ ਨ ਪਾਈ।।
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ।।੨।।
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ।।
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ।।੩।।
ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ।।
ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ।।੪।।
ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ।।
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ।।੫।।
ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ।।
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ।।੬।।
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ।।
ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ।।੭।।
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।।
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰਪਰਸਾਦਿ ਅਘੁਲੈ।।੮।।੪।।

(ਪ੍ਰਭਾਤੀ ਮ: ੧ ਦਖਣੀ, ਪੰਨਾ ੧੩੪੩-੪੪)


www.AKJ.Org

ਵਿਆਖਿਆ:-

ਪੂਰਬਲੇ ਕਰਮਾਂ ਦੀ ਗਤੀ ਵਾਲੀ ਭਾਵੀ ਟਲਦੀ ਨਹੀਂ, ਉਹ ਅਵੱਸ਼ ਹੋ ਕੇ ਰਹਿੰਦੀ ਹੈ। ਉਕਤ ਭਾਵੀ ਅਧੀਨੜੇ ਕਰਮ ਹੋ ਕੇ ਰਹਿੰਦੇ ਹਨ, ਟਲਦੇ ਨਹੀਂ। ਕਦਾਚਿਤ ਟਲਦੇ ਨਹੀਂ, ਭੁਗਤਣੇ ਪੈਂਦੇ ਹਨ, ਅਤੇ ਕਰਮਾਂ ਦੇ ਰੂਪ ਵਿਚਿ ਭੁਗਤਣੇ ਪੈਂਦੇ ਹਨ। ਉਕਤ ਕਰਮ ਸਜ਼ਾ ਰੂਪ ਵਿਚਿ ਹੁੰਦੇ ਹਨ। ਭਾਵੀ ਦਾ ਭੁਲਾਇਆ ਹੋਇਆ ਵਡੀ ਤੋਂ ਵਡੀ ਮਤਿ ਬੁਧਿ ਚਤੁਰਾਈ ਵਾਲਾ ਪੁਰਸ਼ ਭੀ ਓਹ ਕਰਮ ਕਰਿ ਬੈਠਦਾ ਹੈ ਜੋ ਅਨੁਚਿਤ ਹੋਣ। ਭਾਵੀ ਭੁਗਤਾਉਣ ਦੀ ਨੱਥ ਕਰਤੇ ਹਥਿ ਹੁੰਦੀ ਹੈ। ਉਪਰਲੇ ਗੁਰਵਾਕ ਅੰਦਰਿ ਆਏ ਉਚਾਰਨ ਹੋਏ ਦ੍ਰਿਸ਼ਟਾਂਤ ਏਸੇ ਭਾਵੀ-ਭੁਲਣੇ ਭਾਵ ਦੇ ਸਾਖੀ ਹਨ। ਗੋਤਮ ਰਿਖੀ ਆਪਣੇ ਵਕਤ ਦੇ ਪਰਸਿਧ ਮਹਾਤਮਾ ਹੋਏ ਹਨ। ਉਸ ਮਹਾਤਮਾ ਨੂੰ ਆਪਣੀ ਮਹਾਤਮਤਾਈ ਦਾ ਅਤੇ ਆਪਣੀ ਇਸਤ੍ਰੀ ਦੇ ਸਤਿਬ੍ਰਤ ਹੋਣ ਦਾ ਬੜਾ ਹੀ ਮਾਣ ਸੀ। ਪ੍ਰੰਤੂ ਵਰਤਣਹਾਰ ਭਾਵੀ ਅਨੁਸਾਰ ਇਹ ਭਾਣਾ ਵਰਤਿਆ ਕਿ ਉਸੇ ਵਕਤ ਦੇ ਇਕ ਹੋਰ ਪ੍ਰਸਿਧ ਰਾਜੇ ਇੰਦਰ ਦੀ ਮਤਿ ਮਾਰੀ ਗਈ, ਉਹ ਮਹਾਤਮਾ ਰਿਖੀਸਰ ਗੋਤਮ ਦੀ ਸਤਿਵੰਤੀ ਇਸਤ੍ਰੀ (ਨਾਰੀ) ਦੇ ਅਤਿ ਸੁੰਦਰ ਰੂਪ ਉਤੇ ਮੋਹਿਤ ਹੋ ਗਿਆ। ਰਿਖੀ ਗੋਤਮ ਦੀ ਬੁਧੀ ਭੀ ਐਸੀ ਫਿਰੀ ਕਿ ਉਹ ਅੱਧੀ ਰਾਤ ਨੂੰ ਬੇਵਕਤੇ ਹੀ ਦਰਿਆਏ ਤੇ ਇਸ਼ਨਾਨ ਕਰਨ ਲਈ ਟੁਰ ਗਿਆ। ਉਸ ਦੀ ਗ਼ੈਰਹਾਜ਼ਰੀ ਵਿਚਿ ਇੰਦਰ ਨੇ ਦਾਉ ਤਕ ਕੇ ਤੇ ਗੋਤਮ ਦਾ ਰੂਪ ਵਟਾ ਕੇ ਧੋਖੇ ਵਿਚਿ ਰਿਖੀ ਦੀ ਸਤਿਵੰਤੀ ਇਸਤ੍ਰੀ ਦਾ ਸਤ ਭੰਗ ਕਰਿ ਦਿਤਾ, ਉਸ ਨਾਲਿ ਸੰਗ ਕਰ ਕੇ। ਭਰਮ ਭੁਲਾਇਆ ਹੋਇਆ, ਕੁਵਖਤੇ ਜਗਾਇਆ ਹੋਇਆ ਰਿਖੀ ਭਾਣੇ ਅੰਦਰਿ ਮੁੜਿ ਮੌਕੇ ਤੇ ਹੀ ਆ ਗਿਆ ਅਤੇ ਕੁਸੰਗ ਹੁੰਦਾ, ਆਪਣੀ ਇਸਤ੍ਰੀ ਦਾ ਸਤ ਭੰਗ ਹੁੰਦਾ, ਆਪਣੇ ਅੱਖੀਂ ਹੀ ਉਸ ਨੇ ਦੇਖਿ ਲਿਆ। ਗੋਤਮ ਰਿਖੀ ਨੇ ਕਰੋਧ ਵਿਚਿ ਆ ਕੇ ਇੰਦਰ ਨੂੰ ਸਰਾਪ ਦੇ ਦਿਤਾ ਕਿ ਜਿਸ ਭਗ ਇੰਦਰੇ ਵਿਸ਼ੇ ਕਾਰਨ ਤੂੰ ਕਾਮ-ਆਤੁਰੇ ਹੋ ਕੇ ਪਰਤ੍ਰਿਆ ਗਮਨ ਕੀਤਾ ਹੈ ਅਤੇ ਪਤਿਬ੍ਰਤਾ ਦਾ ਸਤ ਭੰਗ ਕੀਤਾ ਹੈ। ਜਾਹ ਤੇਰੇ ਸਰੀਰ ਉਤੇ ਹਜ਼ਾਰ ਚਿਹਨ (ਚਿੰਨ੍ਹ) ਭਗ ਦੇ ਹੋ ਜਾਣ। ਹਜ਼ਾਰ ਭਗਾਂ ਦੇ ਚਿੰਨ੍ਹ ਇੰਦਰ ਦੇ ਸਾਰੇ ਸਰੀਰ ਤੇ ਹੋ ਗਏ। ਅੱਤ ਲੱਜਤ ਹੋ ਕੇ ਪਤਾਲ ਵਿਚਿ ਜਾ ਲੁਕਿਆ। ਬੱਜਰ ਪਾਪ ਦੇ ਪਸਚਾਤਾਪ ਕਰ ਕੇ ਪ੍ਰਾਸਚਿਤ ਵਿਚਿ ਇੰਦਰ ਨੇ ਫੇਰ ਬੜਾ ਉੱਗਰ ਤਪ ਕੀਤਾ। ਜਿਸ ਕਰਕੇ ਨਿਸ਼ਾਨ ਮਿਟੇ ਤਾਂ ਨਾ, ਪਰ ਹਜ਼ਾਰ ਭਗਾਂ ਦੇ ਥਾਉਂ ਹਜ਼ਾਰ ਨੇਤ੍ਰਾਂ ਦੇ ਨਿਸ਼ਾਨ ਉਸਦੇ ਸਰੀਰ ਤੇ ਹੋਗਏ। ਏਸੇ ਕਾਮਨਾ ਨੂੰ ਲੈ ਕੇ ਉਹ ਤਪ ਕਰਨ ਲਗਾ ਸੀ। ਹਜ਼ਾਰ ਭਗਾਂ ਦੀ ਸ਼ਰਮ ਤਾਂ ਲਥੀ, ਹਜ਼ਾਰ ਨੇਤ੍ਰਾਂ ਵਾਲਾ ਹੋ ਕੇ ਫੇਰ ਲੁਕਿਆ ਹੋਇਆ ਬਾਹਰ ਲੋਕਾਂ ਦੇ ਸਾਹਮਣੇ ਆਇਆ। ਮਨ ਵਿਚਿ ਬਥੇਰਾ ਪਛਤਾਇਆ ਕਿ ਮੈਂ ਕੀ ਕਰ ਬੈਠਾ। ਪਰ ਭਾਵੀ ਮਿਟਦੀ ਨਹੀਂ। ਪਿਛਲੇ ਕਰਮਾਂ ਦੀ ਗਤੀ ਟਲਦੀ ਨਹੀਂ। ਪਛਤਾਇਆਂ ਕੀ ਬਣਦਾ ਹੈ। ਕਰਮ ਕਰਤੂਤੀ ਸਜ਼ਾ ਮਿਲੇ ਕੇ ਹੀ ਰਹੀ। ਉਸ ਨੂੰ ਸਜ਼ਾ ਭੀ ਅਵੱਸ਼ ਮਿਲਣੀ ਸੀ ਤੇ ਇਸ ਸਜ਼ਾ ਵਾਲੇ ਕਰਮ ਭੀ ਉਸ ਤੋਂ ਅਵੱਸ਼ ਕਰਾਉਣੇ ਸੀ। ਪਿਛਲੇ ਕਰਮਾਂ ਦੀ ਗਤੀ ਗਤਾਉਣ ਲਈ ਉਸ ਦੀ ਮਤ ਮਾਰੀ ਗਈ, ਭੁਲ ਗਿਆ, ਡੁਲ ਗਿਆ। ਕਰਮਾਂ ਦਾ ਮਾਰਿਆ ਕਰਮਾਂ ਦਾ ਭੁਲਾਇਆ ਹੋਇਆ ਹੀ ਭੁਲਿਆ। ਇਸ ਸਜ਼ਾ-ਦਿਵਾਊ ਭੁਲਾਉਣੀ ਵਾਲੇ ਕਰਮ ਨਿਆਇਕਾਰੀ ਕਰਨਹਾਰ ਕਰਤਾਰ ਨੇ ਉਸ ਤੋਂ ਆਪਿ ਕਰਾਏ। ਉਸ ਨੂੰ ਡੰਨ ਦੇਣ ਲਈ ਅਤੇ ਗੋਤਮ ਦਾ ਮਾਨ ਤੋੜਨ ਲਈ, ਉਸ ਨੂੰ ਹੀ ਆਪਣੀ ਮਾਨਸਰੀ ਮਤੀ ਦਾ ਬੁੱਧੂ ਬਣਾ ਕੇ ਠੱਗਿਆ ਤੇ ਉਸ ਦਾ ਮਾਨ ਤੋੜ ਕੇ ਛੱਡਿਆ। ਐਨਾ ਚਤੁਰ ਸਿਆਣਾ ਹੋ ਕੇ ਓਹ ਕਦ ਆਪੇ ਜਾਣ ਕੇ ਭੁਲਦਾ ਸੀ। ਉਸ ਦੀ ਮਤਿ ਮਾਰ ਦਿਤੀ ਗਈ ਅਤੇ ਸਿਆਣੇ ਹੁੰਦੇ ਦੀ ਮਤਿ ਇਉਂ ਬੇਤਾਲੀ ਗਈ।

ਭਾਵੀ ਦੇ ਧੱਕੇ ਹੋਏ ਅਤੇ ਭਾਣੇ ਅੰਦਰਿ ਭ੍ਰਮਿ ਭੁਲਾਏ ਹੋਏ ਪ੍ਰਿਥਵੀ ਦੇ ਮਾਲਕ ਰਾਜੇ ਹਰੀਸ਼ ਚੰਦਰ ਨੇ ਇਕ ਕੋਰੇ ਕਾਗਦ ਜਿੰਨੀ ਫੁਟੀ ਕਉਡੀ ਜਿੰਨੀ ਕੀਮਤ ਨਾ ਪਾਈ। ਜੇ ਉਸ ਨੂੰ ਪਤਾ ਹੁਦਾ ਕਿ ਪੁੰਨ ਦਾਨ ਕੀਤੇ ਉਸ ਨੂੰ ਉਲਟੇ ਪੈਣੇ ਹਨ, ਗੁਣ ਕੀਤੇ ਹੋਏ ਅਉਗਣ ਬਣ ਜਾਣੇ ਹਨ ਤਾਂ ਉਹ ਪੁੰਨ ਦਾਨ ਕਿਉਂ ਕਰਦਾ। ਪੁੰਨ ਦਾਨ ਤਾਂ ਉਸ ਨੇ ਆਪਣੇ ਭਲੇ ਲਈ ਕੀਤੇ ਸਨ, ਪਰ ਫਲੇ ਨਹੀਂ। ਕਿਸੇ ਦਾ ਕੀਤਾ ਕੁਛ ਨਹੀਂ ਹੋ ਸਕਦਾ। ਜੋ ਕਰਤਾਰ ਨੂੰ ਭਾਵੇ ਸੋਈ ਪੁੰਨ ਕਰਮ ਸਫਲ ਫਲਦਾ ਹੈ। ਭਾਣੇ ਦੀ ਲਿਖਤਕਾਰ ਖੇਡ ਐਸੀ ਹੀ ਲਿਖੀ ਹੋਈ ਸੀ ਕਿ ਪੁੰਨ ਕਰਮ ਕੀਤੇ ਦੀ ਕਾਰ ਉਸ ਨੂੰ ਉਲਟੀ ਹੀ ਪੈਣੀ ਹੈ। ਐਡਾ ਪ੍ਰਿਥੀਪਤਿ ਰਾਜਾ ਹੁੰਦਾ ਹੋਇਆ ਉਹ ਦਾਣਿਆਂ ਦੇ ਭਾ ਮੰਡੀ ਵਿਚਿ ਬਿਕਿਆ ਅਤੇ ਬੜੇ ਸਸਤੇ ਭਾ ਬਿਕਿਆ, ਚੰਡਾਲਾਂ ਦੇ ਹਥਿ ਚੰਡਾਲ ਕਰਮ ਕਰਨ ਲਈ ਬਿਕਿਆ ਅਤੇ ਚੰਡਾਲ ਕਰਮ ਉਸ ਨੂੰ ਕਰਨੇ ਪਏ। ਜੇ ਰਾਜਿਓਂ ਚੰਡਾਲ ਬਣ ਜਾਣ ਦੀ ਖੇਡ ਦੇ ਭਾਣੇ ਦੀ ਉਸ ਨੂੰ ਖ਼ਬਰ ਹੁੰਦੀ ਯਾ ਉਸ ਦੇ ਆਪਣੇ ਹਥਿ (ਵਸਿ) ਦੀ ਖੇਡ ਹੁੰਦੀ ਤਾਂ ਉਹ ਕਿਉਂ ਮੰਡੀ ਵਿਚ ਬਿਕਦਾ।


www.AKJ.Org

ਪਰ ਮੰਡੀ ਵਿਚਿ ਚੰਡਾਲਾਂ ਦੇ ਘਰਿ ਵਿਕਣਾ ਅਤੇ ਚੰਡਾਲ ਦੀ ਕਿਰਤ ਕਰੱਮੀ ਲਿਬੇੜ ਵਿਚਿ ਲਿਬੜਨਾ ਉਸ ਦੇ ਪੂਰਬਲੇ ਕਰਮਾਂ ਦੀ ਧੁਰਿ ਮਸਤਕ ਲਿਖੀ ਲਿਖਤ ਵਿਚ ਪਹਿਲੋਂ ਹੀ ਲਿਖਿਆ ਹੋਇਆ ਸੀ, ਉਸ ਨੂੰ ਕਉਣ ਮੇਟ ਸਕਦਾ ?

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ..।।੫੨।।
(ਰਾਮਕਲੀ ਮ:੧ ਦਖਣੀ ਓਅੰਕਾਰ, ਪੰਨਾ ੯੩੭)

ਸਤਿਗੁਰੂ ਤਾਂ ਸਮਰੱਥ ਹੈ ਕਿ ਸੂਲੀ ਦੀ ਸਜ਼ਾ ਸੂਲ ਭੁਗਤਾ ਦੇਵੇ। ਪਰ ਲਿਖੇ ਲੇਖ ਦੀ ਰੇਖ ਉਕੀ ਹੀ ਮਿਟਦੀ ਨਹੀਂ। ਵੰਨਗੀ ਮਾਤਰ ਉਸ ਦਾ ਪਾਹ ਲਗ ਹੀ ਜਾਂਦਾ ਹੈ। ਸਤਿਗੁਰੂ ਸਾਰੀ ਉਮਰ ਵਿਚ ਭੁਗਤਣ ਵਾਲਾ ਕੁਲੇਖ ਇਕ ਸੁਪਨ ਚਮਤਕਾਰ ਵਿਚਿ ਹੀ ਭੁਗਤਾ ਦਿੰਦਾ ਹੈ। ਜੈਸੇ ਕਿ ਗੁਰੂ ਸੱਚੇ ਪਾਤਸ਼ਾਹ ਨੇ ਕਈਆਂ ਦਾ ਭੁਗਤਾਇਆ। ਚੰਡਾਲਾਂ ਚੂਹੜਿਆਂ ਦੇ ਘਰ ਜਨਮ ਲੈ ਕੇ ਸਾਰੀ ਉਮਰ ਚੂਹੜਿਆਂ ਚੰਡਾਲਾਂ ਦੇ ਘਰਿ ਬਿਤਾਉਣ ਵਾਲਾ ਲੇਖ ਇਕ ਚਮਤਕਾਰ ਮਾਤਰ ਵਿਚਿ ਪ੍ਰਤੱਖਤਾ ਦਾ ਸਬੂਤ ਦੇ ਕੇ ਕਟਿ ਦਿਤਾ। ਬਿਲਮ ਨਹੀਂ ਲਗੀ। ਅਲਪੱਗ ਬੰਦੇ ਦੇ ਵਸਿ ਕੁਛ ਨਹੀਂ ਕਿਆਪਣੇ ਕੀਤੇ ਦੀ ਮੇਟਣੀ ਮੇਟ ਸਕੇ। ਏਥੇ ਕੇਵਲ ਗੁਰੂ ਕਰਤਾਰ ਦਾ ਹੀ ਵਸੀਕਾਰ ਹੈ।

ਬਲ ਰਾਜਾ ਬੜਾ ਦਾਨੀ ਰਾਜਾ ਹੋਇਆ ਹੈ। ਉਸ ਤੋਂ ਵਿਸ਼ਨੂੰ ਨੇ ਬਾਵਨ ਅਵਤਾਰ ਬਣ ਕੇ ਬਉਣੇ ਦਾ ਰੂਪ ਧਾਰ ਕੇ ਸਿਰਫ਼ ਢਾਈ ਕਰਮਾਂ ਧਰਤੀ ਦਾ ਦਾਨ ਮੰਗਿਆ। ਬਲ ਰਾਜੇ ਨੇ ਤਿੜ ਕੇ (ਬੜ੍ਹਾ ਕੇ) ਦੇ ਦਿਤਾ। ਵਿਸ਼ਨੂੰ ਨੇ ਤਾਂ ਬਾਵਨ (ਬਉਣੇ) ਦਾ ਰੂਪ ਧਾਰ ਕੇ ਬਲ ਰਾਜੇ ਨੂੰ ਛਲਣ ਦਾ (ਛਲ ਲੈਣ ਦਾ) ਬਹਾਨਾ ਹੀ ਬਣਾਇਆ ਸੀ। ਬਲ ਦੇ ਦਾਨ ਦੇਣ ਦਾ ਬਚਨ ਮਿਲਣ ਸਾਰ ਬਾਵਨ ਅਵਤਾਰ ਨੇ ਬੈਰਾਟ ਰੂਪ ਧਾਰ ਕੇ ਬੜੇ ਤੋਂ ਬੜਾ, ਅੱਤ ਵੱਡਾ ਵਿਸਥਾਰ ਦਾ ਕੱਦ ਆਪਣਾ ਬਣਾ ਲਿਆ। ਦੋਹਿ ਕਰਮਾਂ ਵਿਚਿ ਤਾਂ ਧਰਤੀ ਅਸਮਾਨ ਦੋਨੋਂ ਮਿਣ ਲਏ ਅਤੇ ਬਾਕੀ ਰਹਿੰਦੀ ਅਧੀ ਕਰਮ ਵਿਚ ਬਲ ਦਾ ਸਰੀਰ ਮਾਪ ਲਿਆ। ਜੇਕਰ ਬਲ ਰਾਜਾ ਹਰੀ ਦੇ ਬਾਵਣ ਰੂਪੀ ਛਲੀਏ ਸਰੂਪ ਨੂੰ ਪਛਾਣ ਪੈਂਦਾ ਤਾਂ ਕਿਉਂ ਛਲਿਆ ਜਾਂਦਾ ? ਤਾਂ ਕਿਉਂ ਉਸ ਨੂੰ ਪਤਾਲ ਜਾਣਾ ਪੈਂਦਾ?

ਰਾਜੇ ਜਨਮੇਜੇ ਨੂੰ ਉਸ ਦੇ ਜੋਤਿਸ਼-ਨਿਪੁੰਨ ਵਿਦਿਆ-ਗੁਰੂ ਬਿਆਸ ਨੇ ਬਥੇਰੀਆਂ ਮਤਾਂ ਦੇ ਕੇ ਪੜ੍ਹਾਇਆ ਅਤੇ ਉਸ ਨੂੰ ਬਥੇਰਾ ਬਰਜਿਆ ਕਿ ਤੂੰ ਫਲਾਣੇ ਮੌਕੇ ਘੋੜੇ ਤੇ ਨਾ ਚੜ੍ਹੀਂ। ਜੇ ਚੜ੍ਹਿਆ ਭੀ ਤਾਂ ਫਲਾਣੀ ਅਪੱਛਰਾਂ ਦੇ ਵੇਹੜੇ ਨਾ ਵੜੀਂ। ਜੇ ਉਸ ਦੇ ਵੇਹੜੇ ਜਾ ਵੜਿਆ ਤਾਂ ਉਸ ਅਪੱਛਰਾਂ ਨੂੰ ਵਿਆਹ ਕੇ ਆਪਣੇ ਘਰਿ ਨਾ ਲਿਆਵੀਂ। ਘਰਿ ਲੈ ਭੀ ਆਇਆ ਤਾਂ ਉਸ ਅਪੱਛਰਾਂ ਦੇ ਆਖੇ ਨਾ ਲਗੀਂ, ਨਹੀਂ ਤਾਂ ਤੈਨੂੰ ਰਸਾਤਲ ਵਿਚਿ ਜਾ ਸੁਟੇਗੀ। ਬਥੇਰਾ ਇਸ ਪ੍ਰਕਾਰ ਮੱਤਾ ਦੇ ਕੇ ਬਿਆਸ ਨੇ ਰਾਜੇ ਜਨਮੇਜੇ ਨੂੰ ਸਮਝਾਇਆ। ਪਰ ਭਾਵੀ ਮਿਟਦੀ ਨਹੀਂ, ਕਰਮ-ਗਤੀ ਟਲਦੀ ਨਹੀਂ। ਮਸਤਕ ਲਿਖੇ ਲੇਖ ਦੀ ਰੇਖ ਮਿਟਦੀ ਨਹੀਂ। ਐਨ ਮੌਕੇ ਸਿਰ ਜਨਮੇਜੇ ਦੀ ਮੱਤਿ ਮਾਰੀ ਗਈ। ਉਸ ਨੇ ਸਭ ਕੁਛ ਕੀਤਾ। ਜਿਸ ਤੋਂ ਉਸ ਨੂੰ ਬਰਜਿਆ ਗਿਆ ਸੀ। ਅਪੱਛਰਾਂ ਦੀ ਪ੍ਰੇਰਨਾ ਨਾਲਿ ਰਾਜੇ ਨੇ ਯਗ ਰਚਿਆ ਅਤੇ ਅਠਾਰ੍ਹਾਂ ਬ੍ਰਾਹਮਣ ਬੁਲਾਏ। ਰਾਣੀ ਬਰੀਕ ਪਤਲੇ ਕਪੜੇ ਪਹਿਨ ਕੇ ਆਈ, ਜਿਸ ਨੂੰ ਵੇਖ ਕੇ ਬ੍ਰਾਹਮਣ ਹੱਸ ਪਏ। ਰਾਜੇ ਨੇ ਕ੍ਰੋਧ ਵਿਚ ਆ ਕੇ ਅਠਾਰ੍ਹਾਂ ਦੇ ਅਠਾਰ੍ਹਾਂ ਬ੍ਰਾਹਮਣ ਹੀ ਮਰਵਾ ਦਿਤੇ। ਜਿਸ ਤੋਂ ਉਸ ਨੂੰ ਕੋੜ੍ਹ ਦਾ ਰੋਗ ਹੋ ਗਿਆ। ਕਿਰਤ-ਕਰੰਮੀ ਰੇਖ ਵਾਲਾ ਹੁਕਮੀ ਭਾਣਾ ਚਲਾਇਆ ਚਲਦਾ ਨਹੀਂ, ਟਾਲਿਆ ਟਲਦਾ ਨਹੀਂ। ਕਰਮਾਂ ਤੋਂ ਬਣੇ ਲੇਖ ਟਾਲੇ ਟਲਦੇ ਨਹੀਂ। ਹੁਕਮ ਦੀ ਕਾਰ ਵਿਚਿ ਸਹਸ ਸਿਆਣਪੀ ਗਿਣਤੀ ਮਿਣਤੀ ਪੁਜਦੀ ਨਹੀਂ।

ਗੁਰੂ ਨਾਨਕ ਸਾਹਿਬ ਸਹਿਜ ਸੁਭਾਇ ਬਚਨ ਫੁਰਮਾਨ ਉਚਾਰਦੇ ਹਨ ਕਿ ਅਕਾਲੀ ਹੁਕਮ ਨੂੰ ਪਛਾਣ ਕੇ ਸਤਿ ਸਤਿ ਕਰ ਕੇ ਮੰਨਣਾ ਹੀ ਗੁਰਮੁਖਤਾਈ ਵਾਲੀ ਹੁਕਮ ਰਜਾਈ ਮੱਤਿ ਸੁਮੱਤਿ ਹੈ। ਜੋ ਕੁਛ ਭੀ ਵਰਤਾਰਾ ਵਰਤੇ, ਹੁਕਮ ਰਜ਼ਾ ਵਾਲਾ, ਤਿਸੈ ਵਿਚ ਹੀ ਰਾਜ਼ੀ ਰਹੇ। ਹੇ ਵਾਹਿਗੁਰੂ ! ਸਭ ਤੇਰੀ ਹੀ ਵਡਿਆਈ ਹੈ। ਹਰਿ ਹਾਲਤ ਵਿਚਿ ਤੁਧ ਨੂੰ ਹੀ ਸਲਾਹੁੰਦਾ ਰਹਾਂ। ਗੁਰਮੁਖ ਜਨ ਤੇਰਾ ਭਾਣਾ ਮਿੱਠਾ ਕਰ ਕੇ ਮੰਨਦਾ ਹੋਇਆ ਹਰ ਹਾਲਤ ਵਿਚਿ ਦੁਖ ਸੁਖ ਹਰਖ ਸੋਗ ਤੋਂ ਅਤੀਤ ਨਿਰਲੇਪ ਰਹਿੰਦਾ ਹੈ। ਉਸ ਨੂੰ ਕਦੇ ਲੇਪ ਲਗਦਾ ਹੀ ਨਹੀਂ। ਸਦਾ ਹੱਸ ਵਿਗੱਸ ਕੇ, ਹੁਕਮ ਰਜ਼ਾ ਦਾ ਅਨੁਸਾਰੀ ਹੋ ਕੇ ਹਰ ਦੰਮ ਸਿਮਰਨ ਵਿਚਿ ਸਾਵਧਾਨ ਹੀ ਰਹਿੰਦਾ ਹੈ। ਸਿੰਮਰਨ ਸ਼ਰਨਾਈ, ਸ਼ਰਨ ਸਿਮਰਨਾਈ ਵਾਲੀ ਇਹ ਅਤ ਅਨੂਪਮੀ ਆਤਮ ਅਵਸਥਾ ਹੈ। ਆਪ-ਹੁਦਰਾ ਮਨਮੁਖ ਮੂਰਖ ਮੁਗਧ ਵੇਲੇ ਸਿਰ ਪਹਿਲਾਂ ਤਾਂ ਵਾਹਿਗੁਰੂ ਨੂੰ ਚੇਤਦਾ ਹੀ ਨਹੀਂ, ਵਖਤ ਪਏ ਤੇ ਜਦੋਂ ਦੁਖ ਲਗੇ ਦੀ ਸਜ਼ਾ ਭੁਗਤਣੀ ਪੈਂਦੀ ਹੈ, ਫੇਰ ਪਛੋਤਾਉਂਦਾ ਹੈ। ਪਰ ਫੇਰ ਪਛਤਾਏ ਕੀ ਬਣਦਾ ਹੈ ? ਭਾਣੇ ਦੀ ਕਾਰ ਕਰਨ ਕਰਾਵਨਹਾਰ ਆਪੇ ਕਰਤਾ ਪੁਰਖ ਹੀ 'ਆਪੇ ਕਰੇ ਕਰਾਏ

(ਬਾਕੀ ਪੰਨਾ ੭ ਤੇ...)



www.AKJ.Org

# ਧਰਮਰਾਇ ਦੀ ਦਰਗਾਹ

ਵਲੋਂ-ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ

ਨਾਮ-ਰਸ ਹੀਣੇ, ਨਾਮ-ਦਾਤੋਂ ਸਖੀਣੇ ਮਨੁਖ, ਬਿਖਈ ਜੀਵ ਬਿਖਿਆ ਦੇ ਖਾਣੇ ਖਾਣ ਵਿਚ, ਬਿਖਵਤੀ ਬੋਲੀ ਬੋਲਣ ਵਿਚ ਤੇ ਬਿਖਈ ਕਾਰ ਕਮਾਵਣ ਵਿਚ ਹੀ ਸਾਰੀ ਉਮਰ ਖੱਚਤ ਰਹਿੰਦੇ ਹਨ। ਉਹ ਅਗਲੀ ਦਰਗਾਹੇ ਜਮ ਦਰ ਬੱਧੇ ਮਾਰੀਦੇ ਹਨ, ਉਨ੍ਹਾਂ ਦਾ ਓਥੇ ਛੁਟਕਾਰਾ ਕਦੇ ਨਹੀਂ। ਸੱਚੇ ਨਾਮ ਨਿਵਾਸਿਆਂ ਦਾ ਹੀ ਓਥੇ ਛੁਟਕਾਰਾ ਹੈ। ਨਾਮ ਵਿਹੂਣਾ ਆਦਮੀ ਜਿਵੇਂ ਆਉਂਦਾ ਹੈ ਤਿਵੇਂ ਹੀ ਨਾਮੋਂ ਖ਼ਾਲੀ ਜਾਂਦਾ ਹੈ। ਅਗੇ ਜਾ ਕੇ ਆਪਣਾ ਕੀਤਾ ਪਾਂਦਾ ਹੈ। ਏਹੀ ਲਿਖਤਕਾਰ ਓਸ ਦੇ ਕਰਮਾਂ ਵਿਚ ਲਿਖੀ ਹੁੰਦੀ ਹੈ। ਮਨਮੁਖ ਆਪਣਾ ਮੂਲ ਗਵਾ ਕੇ ਐਵੇਂ ਖਾਲੀ ਹੱਥ ਚਲੇ ਜਾਂਦੇ ਹਨ। ਉਨ੍ਹਾਂ ਨੂੰ ਅਗਲੀ ਦਰਗਾਹੇ ਜ਼ਰੂਰ ਹੀ ਸਜ਼ਾਵਾਂ ਮਿਲਦੀਆਂ ਹਨ, ਯਥਾ:-

ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ॥
ਜਮਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ॥
ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥
ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥

(ਪਰਭਾਤੀ ਮਹਲਾ ੧,ਪੰਨਾ੧੩੩੧)

ਫ਼ਰੀਦ ਸਾਹਿਬ ਭੀ ਅਗੇ ਦੀ ਸ਼ਾਹਦੀ ਇਸ ਬਿਧ ਭਰਦੇ ਹਨ :-

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥
ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥੧੦੬॥

(ਪੰਨਾ ੧੩੮੩)

ਇਸ ਵਾਕ ਵਿਚ ਨਾਮ ਵਿਸਾਰਨ-ਹਾਰਿਆਂ ਤੇ ਮੁਖ ਡਰਾਵਣੇ ਦਸੇ ਗਏ ਹਨ। ਇਸ ਦੁਨੀਆਂ ਵਿਚ ਤਿਨ੍ਹਾਂ ਨੂੰ ਬਹੁਤ ਦੁਖ ਝਲਣੇ ਪੈਂਦੇ ਹਨ ਅਤੇ ਚਲ ਕੇ ਅਗਲੀ ਦੁਨੀਆਂ ਵਿਚ ਤਿਨ੍ਹਾਂ ਨੂੰ ਕਿਤੇ ਭੀ ਥਾਉਂ ਟਿਕਾਣਾ ਨਹੀਂ ਮਿਲਦਾ।

ਗੁਰਮੁਖ ਨਾਮ ਜਪਣ-ਹਾਰਿਆਂ ਦੇ ਮੁਖ ਉਜਲੇ ਰਹਿੰਦੇ ਹਨ, ਤਿਨ੍ਹਾਂ ਨੂੰ ਹਰਿ ਦਰਗਹਿ ਵਿਚ ਸੋਭਾ ਵਡਿਆਈ ਮਿਲਦੀ ਹੈ। ਯਥਾ ਗੁਰਵਾਕ :-

ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ

(ਸਲੋਕ ਵਾਰਾਂ ਤੋਂ ਵਧੀਕ)

ਮਨਮੁਖਾਂ ਤੋਂ ਦਰਗਹ ਅੰਦਰ ਜ਼ਰੂਰ ਲੇਖਾ ਮੰਗਿਆ ਜਾਵੇਗਾ, ਕਿਉਂਕਿ ਤਿਨ੍ਹਾਂ ਦੀ ਸਾਰੀ ਉਮਰ ਹੀ ਮੋਹ ਮਾਇਆ ਪੁਤ੍ਰ ਕਲਤ੍ਰ ਕੁਟੰਬ ਵਿਚ ਹੀ ਖੱਚਤ ਹੋਇਆ ਗੁਜ਼ਰਦੀ ਹੈ। ਦੂਜੇ ਭਾਇ ਦੀ ਪੂਜਾ ਨੇ ਕੀ ਪਾਰ ਉਤਾਰਾ ਕਰਨਾ ਸੀ। ਜਿਨ੍ਹਾਂ ਦੀ ਖ਼ਾਤਰ ਮਨਮੁਖ ਸਾਰੀ ਉਮਰ ਖਪ ਖਪ ਕੇ ਮਰਦੇ ਹਨ, ਉਨ੍ਹਾਂ ਨੂੰ ਅੰਤੀ ਅਉਸਰ ਕੋਈ ਛਡਾਇ ਨਹੀਂ ਸਕੇਗਾ। ਦਰਗਹਿ ਅੰਦਰ ਸਜ਼ਾਈ ਮਿਲਣਗੀਆਂ :-

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ॥
ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ॥
ਦਰਗਹਿ ਲੇਖਾ ਮੰਗੀਐ, ਕੋਈ ਅੰਤਿ ਨ ਸਕੀ ਛਡਾਇ॥

(ਪੰਨਾ ੧੪੨੨)

ਅਨਿੰਨ ਗੁਰਸਿਖਾਂ ਨੂੰ ਵਾਹਿਗੁਰੂ ਨਾਮ ਦਰਗਾਹ ਅੰਦਰ ਆਪੇ ਛੁਡਾਇ ਲੈਂਦਾ ਹੈ, ਜਮ ਕੰਕਰਾਂ ਨੂੰ ਮਾਰ ਬਿਦਾਰਦਾ ਹੈ, ਐਸੇ ਗੁਰਸਿਖਾਂ ਦੀ ਧੂੜ ਪਾਪੀਆਂ ਦੀ ਗਤ ਕਰਨਹਾਰੀ ਹੈ। ਐਸੇ ਵਡਭਾਗੇ ਮਸਤਕ ਸੁਹਾਗੇ ਗੁਰਸਿਖਾਂ ਨੂੰ ਗੁਰੂ ਨਾਨਕ ਸਾਹਿਬ ਆਪਿ ਆਇ ਮਿਲਦਾ ਹੈ। ਯਥਾ ਗੁਰਵਾਕ :-

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥
ਜਮ ਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ॥

(ਪੰਨਾ ੧੪੨੪)

ਖੋਟੇ ਖਰਿਆਂ ਦੀ ਪਰਖ ਦਾ ਅਗਲੀ ਦਰਗਾਹ ਵਿਚ ਕਿਵੇਂ ਨਿਬੇੜਾ ਹੁੰਦਾ ਹੈ। ਤਿਸ ਪ੍ਰਥਾਇ ਗੁਰੂ ਸਾਹਿਬ ਇਉਂ ਫ਼ੁਰਮਾਉਂਦੇ ਹਨ:-

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥
ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰਵਾਰਿ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥
ਗਣਤ ਤਿਨਾਂ ਦੀ ਕੋ ਕਿਆ ਕਰੈ, ਜੋ ਆਪਿ ਬਖਸੇ ਕਰਤਾਰਿ॥੧੨॥

(ਪੰਨਾ ੧੪੩)

ਏਸ ਗੁਰਵਾਕ ਅੰਦਰ ਖੋਲ੍ਹ ਕੇ ਦਸਿਆ ਗਿਆ ਹੈ ਕਿ ਸਚੀ ਦਰਗਾਹ ਅੰਦਰ ਖੋਟੇ ਪੁਰਸ਼, ਜਿਨ੍ਹਾਂ ਨੇ ਏਸ ਦੁਨੀਆਂ ਵਿਚ ਖੋਟੇ ਕਰਮ ਕੀਤੇ ਹਨ, ਨਾਮ ਨਹੀਂ ਜਪਿਆ, ਬਾਹਰਵਾਰ ਕਢ ਕੇ ਸਿੱਟ ਦਿਤੇ ਜਾਂਦੇ ਹਨ। ਓਥੇ ਉਨ੍ਹਾਂ ਦੀ ਪੁਕਾਰ ਕੋਈ ਨਹੀਂ ਸੁਣਦਾ। ਐਥੇ ਭੀ ਉਨ੍ਹਾਂ ਦਾ ਵਾਹਰੂ ਕੋਈ ਨਹੀਂ। ਜੇ ਉਹ ਸਤਿਗੁਰੂ ਸਰਣੀ ਆਉਣ, ਪਸਚਾਤਾਪ ਕਰ ਕੇ ਪ੍ਰਾਸਚਿਤ ਕਰਾਉਣ ਤਾਂ ਸਤਿਗੁਰੂ ਤਿਨ੍ਹਾਂ ਦੇ ਪਿਛਲੇ ਕਮਾਤੇ ਕੁਕਰਮੀ ਅਵਗਣ ਬਖਸ਼ਣਹਾਰ ਹੈ ਤੇ ਖੋਟਿਓਂ ਖਰੇ ਕਰਨਹਾਰ ਹੈ। ਨਹੀਂ



www.AKJ.Org

ਤਾਂ ਖੋਟੇ ਪੁਰਸ਼ ਅਗਲੀ ਦਰਗਾਹ ਪੁਜ ਕੇ ਖੁਆਰ ਹੀ ਖੁਆਰ ਥੀਣਗੇ। ਸਤਿਗੁਰੂ ਹੀ ਸਮਰਥ ਹੈ, ਫੇਰ ਓਹੀ ਖੋਟੇ ਖਰੇ ਹੋ ਕੇ ਸਚੀ ਦਰਗਾਹੇ ਮੰਨੇ ਪ੍ਰਮੰਨੇ ਜਾਣਗੇ। ਗੁਰੂ ਦਰੋਂ ਪ੍ਰੇਮ ਪਿਆਲਾ ਮਿਲਣ ਦਾ ਹੀ ਇਹ ਸਦਕਾ ਹੈ ਕਿ ਖੋਟੀਆਂ ਦੀ ਕਾਇਆਂ ਪਲਟ ਕੇ ਖਰਾ-ਪਣ ਉਨ੍ਹਾਂ ਵਿਚ ਧਾਇ ਜਾਇਗਾ। ਗੁਰੂ ਕਰਤਾਰ ਦੇ ਬਖ਼ਸ਼ੇ ਹੋਇਆਂ ਦੀ ਕੋਈ ਕੀ ਗਣਤ ਕਰ ਸਕਦਾ ਹੈ। ਅਗਲੇ ਗੁਰਵਾਕ ਅੰਦਰ ਭਗਤਾਂ ਤੇ ਸੰਸਾਰੀਆਂ ਦਾ ਟਾਕਰਾ ਕਰ ਕੇ ਸਤਿਗੁਰੂ ਤਿਨ੍ਹਾਂ ਦੇ ਵਖੋ ਵਖ ਕਰਮਾਂ ਦੀ ਗਤਿ ਇਸ ਬਿਧ ਵਰਨਣ ਕਰਦੇ ਹਨ :-

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।।
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ।।
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ।।
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ।।
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ।।
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ।।
ਦਾਸਨਿ ਦਾਸ ਹੋਇ ਕੈ, ਜਿਨੀ ਵਿਚਹੁ ਆਪੁ ਗਵਾਇਆ।।
ਓਹਨਾਂ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ।।੧੬।।

(ਪੰਨਾ੧੪੫)

ਇਸ ਵਾਕ ਅੰਦਰ ਕਿਆ ਸੋਹਣਾ ਨਿਖੇੜਾ ਤੇ ਨਿਬੇੜਾ ਕੀਤਾ ਹੈ ਭਗਤਾਂ ਤੇ ਸੰਸਾਰੀਆਂ ਦਾ। ਏਹਨਾਂ ਦਾ ਜੋੜ ਕਦੇ ਬਣ ਨਹੀਂ ਸਕਦਾ। ਕਰਤੇ ਪੁਰਖ ਨਜ਼ਰਾਂ ਵਿਚ ਇਹਨਾਂ ਦੀ ਕਦਰ ਕੀਮਤ ਵਖੋ ਵਖ ਹੈ। ਉਹਨਾਂ ਦੇ ਆਪੋ ਆਪਣੇ ਆਸ਼ੇ ਅਨੁਸਾਰ, ਸੰਸਾਰ ਦੀਆਂ ਨਜ਼ਰਾਂ ਵਿਚ ਤਾਂ ਦੋਹਾਂ ਦਾ ਖਲ ਖੰਡ ਦਾ ਇਕੋ ਭਾਉ ਹੈ, ਪਰ ਕਰਤਾਰ ਦੀਆਂ ਨਜ਼ਰਾਂ ਵਿਚ ਦੋਨੋਂ ਇਕੋ ਜਿਹੇ ਨਹੀਂ ਹੋ ਸਕਦੇ। ਜਗਤ ਤਾਂ ਭੁਲੇਖਾ ਖਾ ਸਕਦਾ ਹੈ ਅਤੇ ਕਿਸੇ ਦਾ ਭੁਲਾਇਆ ਭੁਲ ਸਕਦਾ ਹੈ, ਪਰ ਗੁਰੂ ਕਰਤਾਰ ਕਦੇ ਭੁਲ ਨਹੀਂ ਸਕਦਾ। ਉਹ ਤਾਂ ਆਪ ਹੀ ਕਦਰ ਕੀਮਤ ਪਰਖ ਲੈਂਦਾ ਹੈ ਅਤੇ ਵਖੋ ਵਖ ਦੋਹਾਂ ਦਾ ਨਿਰਣਾ ਨਿਰਖ ਲੈਂਦਾ ਹੈ। ਭਗਤਾਂ ਨੂੰ ਅਪਣਾ ਕੇ ਉਹ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ। ਉਸ ਦੀ ਨਿਜ ਟਕਸਾਲੀ ਪਰਖ ਅੱਤ ਸੁਖਾਲੀ ਹੈ। ਜਿਨ੍ਹਾਂ ਨੇ ਨਿਰੋਲ ਸਚੋ ਸਚ ਕੇਵਲ ਨਾਮ ਹੀ ਕਮਾਇਆ ਹੋਇਆ ਹੁੰਦਾ ਹੈ, ਤਿਨ੍ਹਾਂ ਗੁਰਮੁਖ ਸੰਤਾਂ, ਭਗਤਾਂ ਨੂੰ ਵਾਹਿਗੁਰੂ ਆਪਣੇ ਬਣਾ ਕੇ ਆਪੇ ਹੀ ਮੇਲ ਮਿਲਾਇ ਵਸਲ ਵਸਲਾਇ ਲੈਂਦਾ ਹੈ। ਨਾਮੋਂ ਘੁੱਥੇ ਗੁਰਮਤਿ ਤੋਂ ਗੁਮਰਾਹ ਮਨਮੁਖ ਸੰਸਾਰੀ ਜੀਵਾਂ ਨੇ ਮਨੁਖਾ ਜਨਮ ਧਾਰ ਕੇ, ਸਾਰੀ ਉਮਰ ਨਿਰਾ ਕੂੜ ਬੋਲ ਬੋਲ ਹੀ ਨਾਮ ਅੰਮ੍ਰਿਤ ਦੀ ਥਾਉਂ ਬਿਖ ਜ਼ਹਿਰ ਪਿਆਲਾ ਪੀਤਾ ਹੈ, ਉਹ ਕਰਤੇ ਪੁਰਖ ਦੀ ਰਹਿਮਤ ਤੋਂ ਖਾਲੀ ਰਹਿ ਜਾਂਦੇ ਹਨ। ਉਹ ਕਦੇ ਵਾਹਿਗੁਰੂ ਨੂੰ ਮਿਲ ਹੀ ਨਹੀਂ ਸਕਦੇ। ਉਨ੍ਹਾਂ ਦਾ ਰੱਬ ਤੇ ਭਰੋਸਾ ਹੀ ਨਹੀਂ। ਸੰਸਾਰੀ ਸਾਕਤ ਪੁਰਸ਼ ਤਾਂ ਏਥੇ ਜਗਤ ਸੰਸਾਰ ਨੂੰ ਤੇ ਸੰਸਾਰਕ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਮਿੱਠਾ ਜਾਣਦੇ ਹਨ, ਉਨ੍ਹਾਂ ਨੂੰ ਇਹ ਸੂਝ ਬੂਝ ਕੁਝ ਨਹੀਂ ਰਹਿੰਦੀ ਕਿ ਕਦੇ ਇਸ ਅਸਾਰ ਸੰਸਾਰ ਤੋਂ ਚਲਣਾ ਭੀ ਹੈ। ਚਲਣ ਦੀ ਸਾਰ ਵਿਸਾਰ ਕੇ ਉਨ੍ਹਾਂ ਸੰਸਾਰ ਵਿਚ ਹੋਏ ਵਿਸ਼ੇ ਵਾਸ਼ਨਾ ਨੂੰ ਹੀ ਵਧਾਇਆ ਹੈ। ਭਗਤਾਂ ਨੇ ਸਰਬ ਸੰਸਾਰੀ ਬਿਖ ਪਸਾਰੀ ਲਾਲਚ, ਵਾਸ਼ਨਾਵਾਂ ਤੇ ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਦਿਨ ਰਾਤ ਸਚੇ ਨਾਮ ਨੂੰ ਧਿਆਇਆ ਹੈ। ਦੁਨੀਆ ਦੇ ਦੀਵਾਨਿਆਂ ਨੇ ਮਾਇਆ ਮਦ-ਮਤੀ ਗੁਲਾਮੀ ਕਰਨੀ ਹੀ ਸਚਿ ਕਰਿ ਜਾਣੀ ਹੈ, ਪਰ ਭਗਤ ਜਨਾਂ ਨੂੰ ਕਰਨੀ ਹਰਿ-ਚਾਕਰੀ ਹੀ ਭਾਉਂਦੀ ਤੇ ਹਰਿ-ਭਗਤੀ ਹੀ ਸੁਖਾਉਂਦੀ ਹੈ। ਹਰਿ ਕੇ ਚਾਕਰ ਹੋਇ ਕੇ ਉਹ ਸਗਲਿਆਂ ਦੀ ਰੇਣ ਦਾਸਨ ਦਾਸ ਹੋ ਰਹਿੰਦੇ ਹਨ। ਇਸ ਤਰ੍ਹਾਂ ਆਪਾ-ਭਾਵ ਦਾ ਅਭਾਵ ਕਰ ਲੈਂਦੇ ਹਨ, ਉਨ੍ਹਾਂ ਦੇ ਸਚੀ ਦਰਗਾਹ ਵਿਚ *'ਖਸਮੈ ਕੈ ਦਰਿ ਮੁਖ ਉਜਲੇ'* ਵਾਕ ਅਨੁਸਾਰ ਮੁਖ ਉਜਲੇ ਹੁੰਦੇ ਹਨ। ਇਹ ਸਚੇ ਸਬਦ ਵਿਚ ਸਮਾਇ ਤੇ ਪਰਵਾਣ ਪਏ ਗੁਰਸਿਖਾਂ ਦੀ ਸਚੀ ਸਾਖੀ ਹੈ, ਜੋ ਉਪਰ ਦਸੀ ਗਈ ਹੈ। ਮਨਮੁਖ ਸੰਸਾਰੀਆਂ ਦਾ ਇਹ ਹਾਲ ਹੋਵੇਗਾ-

ਹਲਤਿ ਨ ਸੋਭਾ ਪਲਤਿ ਨ ਢੋਈ,
ਅਹਿਲਾ ਜਨਮ ਗਵਾਇਆ।। ੩।।

(ਪੰਨਾ ੧੫੫)

ਉਨ੍ਹਾਂ ਨੂੰ ਨਾ ਏਸ ਲੋਕ ਤੇ ਨਾ ਪਰਲੋਕ ਵਿਚ ਢੋਈ ਮਿਲਣੀ ਹੈ। ਉਨ੍ਹਾਂ ਨੇ ਆਪਣਾ ਮਨੁਖਾ ਜਨਮ ਐਵੇਂ ਹੀ ਗਵਾ ਲਿਆ ਹੈ।

ਵਾਹਿਗੁਰੂ ਰੂਪੀ ਸਚੀ ਭਗਤੀ ਕੀਤਿਆਂ ਹੀ ਐਥੇ ਓਥੇ ਸਦਾ ਸੁਖ ਮਿਲਦਾ ਹੈ। ਚਹੁੰ ਜੁਗਾਂ ਵਿਚ ਗੁਰੂ ਦਾ ਤਾਰਿਆ ਹੋਇਆ ਕੋਈ ਵਿਰਲਾ ਪੂਰਾ ਜਨ ਹੀ ਇਹ ਪੂਰੀ ਕਾਰ ਭਗਤ -ਕਮਾਈ ਦੀ ਕਮਾਉਂਦਾ ਹੈ। ਅਖੁਟ ਧਨ ਨਾਮ ਦੇ ਧਨੀਆਂ ਦੀ ਕੀਤੀ ਕਾਰ ਹੀ ਥਾਂਇ ਪੈਂਦੀ ਹੈ। ਫੇਰ ਉਨ੍ਹਾਂ ਨੂੰ ਨਾਮ ਧਨ ਦਾ ਤੋਟਾ ਕਦੇ ਨਹੀਂ ਆਉਂਦਾ, ਉਹਨਾਂ ਨੂੰ ਐਥੇ ਸਦਾ ਸੁਖ ਦੀ ਪਰਾਪਤੀ ਹੀ ਰਹਿੰਦੀ ਹੈ। ਅਗੇ ਸਚੀ ਦਰਗਾਹ ਤਿਨ੍ਹਾਂ ਨੂੰ ਸਚੀ ਸੋਭਾ ਤੇ ਵਡਿਆਈ ਮਿਲਦੀ ਹੈ। ਯਥਾ ਗੁਰਵਾਕ :-

ਗੁਰ ਸੇਵਾ ਜੁਗ ਚਾਰੇ ਹੋਈ।।
ਪੂਰਾ ਜਨੁ ਕਾਰ ਕਮਾਵੈ ਕੋਈ।।



www.AKJ.Org

ਅਖੁਟੁ ਨਾਮ ਧਨ ਹਰਿ ਤੋਟਿ ਨ ਹੋਈ॥
ਐਥੈ ਸਦਾ ਸੁਖੁ ਦਰਿ ਸੋਭਾ ਹੋਈ॥੧॥

(ਪੰਨਾ ੧੬੧)

ਅਗਲੀ ਦਰਗਾਹ ਵਾਹਿਗੁਰੂ ਨਾਮ ਹੀ ਛੁਡਾਉਣ ਨੂੰ ਸਮਰਥ ਹੈ। ਇਹ ਵਾਹਿਗੁਰੂ ਨਾਮ ਗੁਰ ਸਰਣਾਈ ਆਇਆਂ, ਨਿਗੁਰਿਓਂ ਸਗੁਰੇ ਬਣਿਆਂ, ਗੁਰੂ-ਘਰ ਤੋਂ ਹੀ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਹੋਰ ਚੁਰਾਸੀ ਲਖ ਮੇਦਨੀ ਬਥੇਰੀ ਮਨ-ਹਠ ਕਰ ਕੇ ਭਰਮਦੀ ਫਿਰਦੀ ਹੈ। ਗੁਰ ਕਾ ਸ਼ਬਦ ਗੁਰਮਤਿ ਨਾਮ ਗੁਰ ਮੰਤ੍ਰ ਚੀਨੇ ਬਿਨਾਂ ਮੁੜ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ, ਯਥਾ ਗੁਰਵਾਕ:-

ਮੇਰੇ ਮਨ ਗੁਰ ਚਰਨੀ ਚਿਤੁ ਲਾਇ॥
ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ॥ ੧॥ਰਹਾਉ॥
ਲਖ ਚਉਰਾਸੀਹ ਭਰਮਦੇ, ਮਨ ਹਠਿ ਆਵੈ ਜਾਇ॥
ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥੨॥

(ਪੰਨਾ੧੬੨)

ਜਿਨ੍ਹਾਂ ਨੇ ਸਤਿਗੁਰ ਸਚੇ ਦਾ ਸਿਖ ਬਣ ਕੇ ਸਤਿਸੰਗਤ ਦੀ ਧੂੜ ਮੁਖ ਲਾਈ ਹੈ, ਸਤਿਗੁਰ ਦੀ ਚਰਨ ਧੂੜ ਰੁਮਾਈ ਹੈ ਅਤੇ ਕੂੜ ਨੂੰ ਤਿਆਗ ਕੇ ਹਰਿ ਲਿਵ ਲਾਈ ਹੈ, ਤਿਨ੍ਹਾਂ ਦਾ ਹੀ ਹਰਿ-ਦਰਗਹ ਮੁਖ ਉਜਲ ਰਹਾਈ ਹੈ। ਯਥਾ ਗੁਰਵਾਕ:-

ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ॥
ਤਿਨ ਕੂੜ ਤਿਆਗੇ ਹਰਿ ਲਿਵ ਲਾਈ॥
ਤੇ ਹਰਿ ਦਰਗਹ ਮੁਖ ਊਜਲ ਭਾਈ॥੩॥

(ਪੰਨਾ ੧੬੫)

ਕੇਵਲ ਗੁਰੂ ਵਾਹਿਗੁਰੂ ਜਪਣਹਾਰਿਆਂ ਦੇ ਹੀ ਸਚੇ ਦਰਬਾਰ ਮੁਖ ਉਜਲ ਹੁੰਦੇ ਹਨ। ਇਹ ਸਚਾ ਦਰਬਾਰ ਦਰਗਹ ਵਿਚ ਹੀ ਹੈ। ਯਥਾ ਗੁਰਵਾਕ :-

ਗੁਰੂ ਗੁਰੂ ਜਪਿ ਮੀਤ ਹਮਾਰੇ॥
ਮੁਖ ਊਜਲ ਹੋਵਹਿ ਦਰਬਾਰੇ॥੧॥ਰਹਾਉ॥

ਗੁਰਮਤਿ ਨਾਮ ਰੂਪੀ ਸਚੀ ਸੁਕਿਰਤ ਕਰਨੀ ਰੂਪੀ ਸਚੇ ਕਰਮ ਨੂੰ ਛਡ ਕੇ, ਜੋ ਨਰ ਕਮਾਉਂਦਾ ਤਾਂ ਕੁਕਰਮ ਹੈ, ਮੁਖੋਂ ਮਿਠੇ ਮਿਠੇ ਪੇਚ ਅੰਮ੍ਰਿਤ ਬਚਨ ਲੋਕਾਂ ਨੂੰ ਸੁਣਾਉਂਦਾ ਹੈ, ਉਹ ਜਮਪੁਰ ਬੱਧਾ ਚੋਟਾਂ ਖਾਂਦਾ ਹੈ। ਯਥਾ ਗੁਰਵਾਕ :-

ਕਰੈ ਦੁਹਕਰਮ ਦਿਖਾਵੈ ਹੋਰੁ॥
ਰਾਮ ਕੀ ਦਰਗਹ ਬਾਧਾ ਚੋਰੁ॥....
ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥
ਜਮਪੁਰਿ ਬਾਧਾ ਚੋਟਾ ਖਾਵੈ॥੨॥

(ਪੰਨਾ ੧੯੪)

ਇਸ ਗੁਰਵਾਕ ਦੇ ਵੀਚਾਰ ਤੋਂ ਇਹ ਗੱਲ ਹੋਰ ਨਿਰਣੇ ਹੋਈ ਕਿ ਰਾਮ ਕੀ ਦਰਗਹਿ, ਹਰਿ ਦਰਗਹ ਹੋਰ ਹੈ ਤੇ ਜਮਪੁਰੀ ਵਖਰੀ ਹੈ। ਇਹ ਸਰੀਰ ਛਡ ਕੇ ਹਰੀ ਜਨ ਹਰਿ ਦਰਗਹਿ ਜਾਂਦੇ ਹਨ ਅਤੇ ਸਾਕਤ ਨਰ ਮਰ ਕੇ ਜਮਪੁਰੀ ਸਿਧਾਉਂਦੇ ਹਨ। ਗੁਰਪੁਰੀ ਅਤੇ ਜਮਪੁਰੀ ਵਿਚ ਬੜਾ ਵਿਤਕਰਾ ਅਰਥਾਤ ਫ਼ਾਸਲਾ ਹੈ, ਜਮਪੁਰੀ ਉਰੇਡੇ ਹੀ ਹੇਠਲੇ ਮੰਡਲਾਂ ਵਿਚ ਰਹਿ ਜਾਂਦੀ ਹੈ ਅਤੇ ਗੁਰਪੁਰੀ ਵਾਹਿਗੁਰੂ ਦਰਬਾਰ ਸੰਮਿਲਵੀਂ ਉਚੇ ਮੰਡਲਾਂ ਦੇ ਸਿਖਰ ਹੈ, ਜਿਥੇ ਕੇਵਲ ਪੂਰੇ ਹੋਏ, ਕਮਾਈ ਵਾਲੇ ਗੁਰਮੁਖ ਜਨਾਂ ਦੀ ਹੀ ਪਹੁੰਚ ਤੇ ਸਮਾਈ ਹੈ। ਇਹ ਗਗਨ-ਮੰਡਲੀ ਤਬਕੇ (Regions) ਵਖੋ ਵਖ ਹਨ। ਏਸ ਅਥਾਹ ਅਗੰਮ ਪੁਲਾੜ (ਅਕਾਸ਼) ਵਿਚ ਅਨਗਿਣਤ ਹੀ ਅਣਦਿਸਦੇ ਮੰਡਲ (ਸਫ਼ੀਅਰ Sphere) ਹਨ, ਜੋ ਯੁਗ ਵਸਦੇ ਹਨ।

## ਧੰਨ ਧੰਨ ਗੁਰਸਿਖ

(ਨਰਿੰਦਰ ਕੌਰ ਫੇਰੋਚੇਚੀ)

ਜਿੰਨਾ ਦੀ ਪ੍ਰੀਤ ਪ੍ਰਮਾਤਮਾ ਦੇ ਨਾਲ ਹੋਵੇ।
ਦੁੱਖ ਕਲੇਸ਼ ਉਨਾ ਦੇ ਮਿਟ ਜਾਂਦੇ ਨੇ।
ਅੰਮ੍ਰਿਤ ਵੇਲੇ ਉਹ ਸੁਰਤ ਜੋੜ ਲੈਂਦੇ,
ਵਾਹਿਗੁਰੂ ਵਾਹਿਗੁਰੂ ਜਪ ਲੈਂਦੇ ਨੇ।
ਨਾਮ ਬਾਣੀ ਨਾਲ ਪ੍ਰੀਤ ਪਾ ਕੇ,
ਡੁੱਬਦੇ ਬੇੜੇ ਵੀ ਪਾਰ ਹੋ ਜਾਂਦੇ ਨੇ।
ਜਨਮਾਂ ਜਨਮਾਂ ਦੀ ਮੈਲ ਲੱਥਦੀ
ਜਿਹੜੇ ਵਾਹਿਗੁਰੂ ਵਾਹਿਗੁਰੂ ਜਪ ਲੈਂਦੇ ਨੇ।
ਧੰਨ ਧੰਨ ਗੁਰਸਿੱਖ, ਉਹ, ਵਾਹਿਗੁਰੂ ਨੂੰ ਭਾਉਂਦੇ ਨੇ।
ਕਾਰ ਵਿਹਾਰ ਕਰਦੇ ਰਹਿੰਦੇ, ਪ੍ਰਮਾਤਮਾ ਨੂੰ ਭੁੱਲਦੇ ਨਹੀਂ।
ਹੱਕ ਕਿਸੇ ਦਾ ਮਾਰਦੇ ਨਹੀਂ, ਨਾ ਹੀ ਮਾਰਨ ਦਿੰਦੇ ਨੇ।
ਪਰਉਪਕਾਰੀ ਗੁਰਸਿੱਖ, ਦਾਸ ਸੇਵਕ ਬਣ ਜਾਂਦੇ ਨੇ,
ਆਪ ਨਾਮ ਜਪਦੇ, ਹੋਰਨਾਂ ਨੂੰ ਵੀ ਜਪਾਉਂਦੇ ਨੇ।
ਸਾਧ ਸੰਗਤ ਵਿਚ ਜਾ ਕੇ, ਹਰ ਜਸ ਗਾਉਂਦੇ ਨੇ।
ਧੰਨ ਧੰਨ ਗੁਰਸਿੱਖ ਜੋ ਵਾਹਿਗੁਰੂ ਨੂੰ ਭਾਉਂਦੇ ਨੇ।
ਹਉਮੈ ਹੰਕਾਰ ਉਨਾਂ ਦੇ ਨੇੜੇ ਨਾ ਆਵੇ,
ਉਹ ਨਿਮਰਤਾ ਨੂੰ ਅਪਣਾਉਂਦੇ ਨੇ।
ਨਿੰਦਿਆ ਚੁਗਲੀ ਕਦੇ ਵੀ ਕਰਦੇ ਨਹੀਂ,
ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਸਦਾ ਦੂਰ ਰਹਿੰਦੇ ਨੇ।
ਮਾਣ ਹੁੰਦਿਆ ਵੀ ਨਿਮਾਣੇ ਰਹਿੰਦੇ ਸਦਾ।
ਤਾਣ ਹੁੰਦਿਆ ਵੀ ਨਿਤਾਣੇ ਰਹਿੰਦੇ ਨੇ ਸਦਾ।
ਸਾਧ ਸੰਗਤ ਦੀ ਚਰਨ ਧੂੜੀ, ਚੁੱਕ ਚੁੱਕ ਮੱਥੇ ਲਾਉਂਦੇ ਨੇ॥
ਧੰਨ ਧੰਨ ਗੁਰਸਿੱਖ ਉਹ ਵਾਹਿਗੁਰੂ ਨੂੰ ਭਾਉਂਦੇ ਨੇ।
ਧੰਨ ਧੰਨ ਗੁਰਸਿੱਖ ਉਹ ਵਾਹਿਗੁਰੂ ਨੂੰ ਭਾਉਂਦੇ ਨੇ।


www.AKJ.Org

# "ਅੰਮ੍ਰਿਤ ਛਕੀਏ ਖੰਡੇਧਾਰ"

(ਭਾਈ ਸੁਖਦੇਵ ਸਿੰਘ ਜਾਣੀਆ)

ਸਮਾਂ ਬਹੁਤ ਭਿਆਨਕ ਆ ਗਿਆ, ਹਰ ਪਾਸੇ ਹਾਹਾਕਾਰ।
ਕੋਈ ਰਸਤਾ ਦਿਸਦਾ ਹੋਰ ਨਾ, ਇੱਕ ਓਟ ਗੁਰੂ ਕਰਤਾਰ।
ਸਭਨਾਂ ਨੂੰ ਕਰੀਏ ਬੇਨਤੀ, ਸਭ ਸੁਣਿਓ ਨਾਲ ਪਿਆਰ।
ਜੋ ਚੰਗਾ ਹੈ ਉਹ ਮੰਨੀਏ, ਦਈਏ ਮੰਦਾ ਮਨੋ ਵਿਸਾਰ।
ਦਈਏ ਛੱਡ ਸ਼ਰਾਬ ਪੀਣੀਆਂ, ਨਾ ਬਣੀਏ ਠੇਕੇਦਾਰ।
ਨਾਂਅਫ਼ੀਮ, ਤਮਾਕੂ, ਚਰਸ 'ਤੇ , ਨਾਂ ਹੁੱਕਾ ਨਾਂ ਨਸਵਾਰ।
ਸਭ ਚਲੀਏ ! ਮਾਰਗ ਧਰਮ, ਲਈਏ ਦਇਆ ਦਿਲਾ ਵਿਚ ਧਾਰ।
ਨਾਂ ਖਾਵੇ ਕੋਈ ਮੀਟ ਬਈ, ਨਾਂ ਇਸ ਕਾ ਕਰੇ ਵਪਾਰ।
ਹੈ ਸਭਨਾਂ ਦੇ ਵਿੱਚ ਵੱਸਦਾ, ਉਹ ਸੱਚਾ ਸਿਰਜਨਹਾਰ।
ਨਾਂ ਗੁੱਗਾ, ਜੋਤਾਂ, ਰੱਖੜੀ, ਨਾਂ ਤੀਆਂ ਦਾ ਤਿਉਹਾਰ।
ਮੱਸਿਆ, ਪੁੰਨਿਆ, ਸੰਗਰਾਂਦ ਨਾਂ, ਸਭ ਇਕੋ ਜਿਹੇ ਨੇ ਵਾਰ।
ਨਾਂ ਪੂਜੀਏ ਦੇਵੀਆਂ, ਦੇਵਤੇ, ਨਾਂ ਮੜ੍ਹੀਂ ਮਸਾਣੀ ਪਿਆਰ।
ਇਹ ਭਰਮ ਭੁਲੇਖੇ ਮਨਾਂ ਦੇ, ਹੈ ਦਾਰੂ ਸ਼ਬਦ ਵੀਚਾਰ।
ਬੱਸ ! ਪੂਜਾ ਇੱਕ ਅਕਾਲ ਦੀ, ਅਤੇ ਖਾਲਸੇ ਦਾ ਦੀਦਾਰ।
ਬਈ ! ਗੁਣ ਗਾਈਏ ਕਰਤਾਰ ਦੇ, ਆਓ ! ਸਤਿਗੁਰ ਦੇ ਦਰਬਾਰ।
ਆਖ਼ਰ ਜੈ ਹੋਣੀ ਸੱਚ ਦੀ, ਸੱਚੇ ਦਾ ਬੇੜਾ ਪਾਰ।
ਇਸ ਲਈ ਚਾਰ ਕੁਰਹਿਤਾਂ (ਬੱਜਰ) ਛੱਡ ਕੇ, ਲਈਏ ਪੰਜੇ ਕੱਕੇ ਧਾਰ।
ਇਉਂ ਹੁਕਮ ਗੁਰਾਂ ਦਾ ਮੰਨ ਕੇ, ਅੰਮ੍ਰਿਤ ਛਕੀਏ ਖੰਡੇਧਾਰ।
ਖ਼ੁਦ ਸਿੱਖ ਬਣੀਏ 'ਸੁਖਦੇਵ ਸਿੰਘ', ਸਿੱਖੀ ਦਾ ਇਹ ਪ੍ਰਚਾਰ।

(ਪੰਨਾ ੩ ਦਾ ਬਾਕੀ)...

ਕਰਤਾ ਹੈ। ਉਸ ਦੀ ਰਚੀ ਰਚਨਾ ਵਿਚਿ ਹੁਕਮ ਰਜ਼ਾਈ ਕਾਰ, ਕਿਰਤ ਕਰੰਮੀ ਭੁਗਤਾਨ ਭੀ ਰਚਨਾ ਦਾ ਇਕ ਅੰਗ ਹੀ ਹੈ। ਗੁਰਮੁਖ ਜਨ ਸਦਾ ਰੰਗਾਂ ਵਿਚਿ ਰਹਿੰਦਾ ਹੋਇਆ ਰੰਚਕ ਭੀ ਆਪਾ ਨਹੀਂ ਜਣਾਉਂਦਾ। ਉਹ ਤਾਂ ਸਦਾ ਇਸ ਗੁਰਵਾਕ ਦਾ ਅਨੁਸਾਰੀ ਰਹਿੰਦਾ ਹੈ-

ਮੇਰਾ ਕੀਆ ਕਛੂ ਨ ਹੋਇ॥
ਕਰਿ ਹੈ ਰਾਮੁ ਹੋਇ ਹੈ ਸੋਇ॥੪॥

(੨੮॥੧॥੧੦) ਭੈਰਉ ਨਾਮਦੇਉ ਜੀ, ਪੰਨਾ ੧੧੬੫

ਇਸ ਤੋਂ ਉਲਟ ਮਨਮੁਖ ਨੂੰ ਸਦਾ ਇਹੋ ਅਹੰਗਤਾ ਰੋਗ ਦਾ ਅਭਿਮਾਨ ਚਿਮੜਿਆ ਰਹਿੰਦਾ ਹੈ ਕਿ ਜੋ ਕੁਛ ਕਰਦਾ ਹਾਂ ਸੋ ਮੈਂ ਕਰਦਾ ਹਾਂ। ਚੰਗੇ ਕੰਮ ਕਰ ਕੇ ਅਭਿਮਾਨ ਵਿਚਿ ਪਇਆ ਸੜਦਾ ਬੁਝਦਾ ਦਗਧ ਹੁੰਦਾ ਰਹਿੰਦਾ ਹੈ। ਮੰਦਾ ਕੰਮ ਉਸ ਤੋਂ ਹੋ ਜਾਵੇ ਤਾਂ ਕਰਾਵਨਹਾਰ ਕਰਤਾਰ ਦੇ ਮੱਥੇ ਮੜ੍ਹਦਾ ਹੈ। ਉਥੇ ਇਹ ਖਰੜ ਗਿਆਨ ਛਾਂਟਣ ਲਗ ਪੈਂਦਾ ਹੈ, ਮੈਂ ਕੀ ਕੀਤਾ ਹੈ, ਸਭ ਕਰਤਾਰ ਨੇ ਹੀ ਕੀਤਾ।' ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਉਹ ਇਸ ਬਿਧਿ ਖਰੜ ਗਿਆਨੀ ਬਣ ਬੈਠਦਾ ਹੈ। ਵਾਸਤਵ ਵਿਚਿ ਉਸ ਦਾ ਇਸ ਗੱਲ ਤੇ ਨਿਸਚਾ ਨਹੀਂ ਹੁੰਦਾ। ਦੋਹਾਂ ਹਾਲਤਾਂ ਵਿਚ ਚੰਗਾ ਮੰਦਾ ਕਰਮ ਕਰਦਿਆਂ ਹੋਇਆ ਉਸ ਦੀ ਕਿਸਮਤ ਵਿਚਿ ਤਾਂ ਰਿਝਣਾ ਕਰਿਝਣਾ ਹੀ ਲਿਖਿਆ ਹੋਇਆ ਹੈ, ਉਹ ਅਭਿਮਾਨੀ ਹੀ ਬਣਿਆ ਰਹਿੰਦਾ ਹੈ। ਇਹ ਜੀਅੜਾ ਅਭਿਮਾਨ ਅਤੇ ਅਭਿਮਾਨ ਵਿਚ ਰਚਣਾ ਪਚਣਾ ਭੀ ਇਕ ਹੁਕਮ ਰਜ਼ਾਈ ਸਜ਼ਾ ਹੀ ਉਸ ਨੂੰ ਮਿਲੀ ਹੈ। ਹਉਮੈ ਠਗਉਰੀ ਪਾਇ ਕੇ ਭੁਲਾਵਣਹਾਰਾ ਨਿਆਉਂ ਕਰਾਵਣਹਾਰ ਕਰਮ ਕਰਨ ਨਿਆਇਕਾਰਾ ਸਿਰਜਣਹਾਰਾ ਕਰਤਾ ਉਸ ਨੂੰ ਭੁਲਾਇੰਦਾ ਹੈ। ਤਾਹੀਂ ਤੇ ਤਿਸ ਪ੍ਰਥਾਇ ਇਹ ਗੁਰਵਾਕ ਪੰਗਤੀ ਉਪਰਲੇ ਗੁਰ ਪ੍ਰਮਾਣ ਵਿਚ ਆਈ ਹੈ-

"ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥"

ਬਸ, ਨਾਮੁ ਰੂਪੀ ਤਤ ਵਸਤੂ (ਸਚੁ) ਦੀ ਕਮਾਈ ਸੱਚਾ ਨਿਸਤਾਰਾ ਹੈ। ਕਿਸੇ ਵਿਰਲੇ ਗੁਰਮੁਖ ਪਿਆਰੇ ਤੇ ਹੀ ਇਹ ਬਖ਼ਸ਼ ਹੁੰਦੀ ਹੈ ਕਿ ਨਿਰਬਿਘਨ ਨਾਮ ਕਮਾਈ ਕਰਦਿਆਂ ਉਸ ਦੀ ਤੋੜ ਨਿਭਦੀ ਹੈ। ਚੁਰਾਸੀ ਦੇ ਗੇੜ ਅਤੇ ਹਉਮੈ ਦੇ ਫੇਰੇ ਵਿਚ, ਪੈਣ ਤੋਂ ਉਸੇ ਦਾ ਹੀ ਸੱਚਾ ਛੁਟਕਾਰਾ ਹੈ। — — — —



www.AKJ.Org

# ਕੀ ਰਹਿਤ ਦੀ ਲੋੜ ਨਹੀਂ ?

ਕਈ ਪੜ੍ਹੇ ਲਿਖੇ ਸਿਖ ਨੌਜਵਾਨ, ਜਿਨ੍ਹਾਂ ਨੂੰ ਆਪਣੇ ਧਰਮ ਅਤੇ ਇਤਿਹਾਸ ਬਾਰੇ ਜਾਣਕਾਰੀ ਨਹੀਂ ਹੁੰਦੀ, ਉਹ ਸਵਾਲ ਕਰਦੇ ਹਨ ਕਿ ਰਹਿਤ ਦੀ ਕੀ ਲੋੜ ਹੈ ?

ਇਹ ਲੋਕ ਕੇਵਲ *ਕੇਸ, ਕੰਘਾ, ਕਿਰਪਾਨ, ਕੜਾ ਤੇ ਕਛਹਿਰਾ ਪਹਿਨਣ ਨੂੰ ਹੀ ਰਹਿਤ ਸਮਝਦੇ ਹਨ ਤੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਰਾਜ ਨਾਲ ਟੱਕਰ ਲੈਣ ਲਈ ਜਦ ਖਾਲਸਾ ਫੌਜ ਸਾਜੀ ਉਸ ਵੇਲੇ ਉਨ੍ਹਾਂ ਦੀ ਵਰਦੀ ਦੇ ਇਹ ਪੰਜ ਵੱਡੇ ਚਿੰਨ੍ਹ ਸਨ, ਹੁਣ ਦੇਸ਼ ਆਜ਼ਾਦ ਹੈ, ਰਾਜ ਸਾਡਾ ਆਪਣਾ ਹੈ। ਇਸ ਲਈ ਇਨਾਂ ਦੀ ਹੁਣ ਕੀ ਲੋੜ ਹੈ ?

ਜੇ ਇਨ੍ਹਾਂ ਨੌਜਵਾਨਾਂ ਦੀ ਗੱਲ ਇਕ ਮਿੰਟ ਲਈ ਮੰਨ ਵੀ ਲਈਏ ਤਾਂ ਅਸੀਂ ਪੁੱਛਦੇ ਹਾਂ ਕਿ ਭਾਰਤ ਦੀ ਹੁਣ ਪਾਕਿਸਤਾਨ ਜਾਂ ਹੋਰ ਕਿਸੇ ਦੇਸ਼ ਨਾਲ ਲੜਾਈ ਤਾਂ ਨਹੀਂ। ਸਾਡੀ ਸਰਕਾਰ ਨੂੰ ਕੀ ਲੋੜ ਹੈ ਹਰ ਸਾਲ ਅਰਬਾਂ ਰੁਪਏ ਆਪਣੇ ਫੌਜ ਅਤੇ ਫੌਜੀ ਸਮਾਨ ਉਪਰ ਖਰਚ ਕਰੇ ? ਕਿਉਂ ਨਾ ਫ਼ੌਜ ਤੋੜ ਕੇ ਇਹ ਰੁਪਿਆ ਦੇਸ਼ ਦੀ ਗਰੀਬੀ ਨੂੰ ਦੂਰ ਕਰਨ ਲਈ ਵਰਤਿਆ ਜਾਵੇ।

ਪਰ ਸਿਆਣੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਫ਼ੌਜ ਦਾ ਹੋਣਾ ਜਿਤਨਾ ਲੜਾਈ ਦੇ ਸਮੇਂ ਜ਼ਰੂਰੀ ਹੁੰਦਾ ਹੈ ਉਤਨਾ ਹੀ ਜ਼ਰੂਰੀ ਅਮਨ (ਸ਼ਾਂਤੀ) ਸਮੇਂ ਹੁੰਦਾ ਹੈ। ਇਸੇ ਲਈ ਕੋਈ ਵੀ ਦੇਸ਼ ਸ਼ਾਂਤੀ ਸਮੇਂ ਆਪਣੀ ਸੈਨਾ ਨੂੰ ਨਹੀਂ ਛਡਦਾ। ਜੇ ਦੁਨਿਆਵੀ ਫੌਜ ਦੇ ਸਿਪਾਹੀ ਆਪਣੀ ਵਰਦੀ ਨਹੀਂ ਛੱਡਦੇ ਤਾਂ ਕੀ ਅਸੀਂ "ਖ਼ਾਲਸਾ ਅਕਾਲ ਪੁਰਖ ਕੀ ਫ਼ੌਜ" ਦੇ ਸਿਪਾਹੀ ਆਪਣੀ ਬਾਹਰਲੀ ਰਹਿਤ ਜਾਂ ਵਰਦੀ ਛੱਡ ਦੇਈਏ ?

ਜਿਸ ਤਰ੍ਹਾਂ ਫ਼ੌਜ ਦਾ ਸਿਪਾਹੀ ਵਰਦੀ ਤੋਂ ਬਗੈਰ ਸਿਪਾਹੀ ਨਹੀਂ ਅਖਵਾ ਸਕਦਾ ਇਸੇ ਤਰ੍ਹਾਂ ਪੰਜ ਕਕਾਰੀ ਰਹਿਤ ਤੋਂ ਬਿਨਾਂ ਸਿੱਖ, ਸਿਖ ਜਾਂ ਸਿੰਘ ਹੀ ਨਹੀਂ ਅਖਵਾ ਸਕਦਾ। ਸਾਡੀ ਅੰਦਰਲੀ ਬਾਹਰਲੀ ਰਹਿਤ ਨੂੰ ਦੇਖ ਕੇ ਹੀ ਲੋਕੀ ਸਾਨੂੰ 'ਗੁਰੂ ਕਾ ਸਿੰਘ ' ਆਖਣਗੇ। ਇਸ ਲਈ ਇਹ ਵੀ ਬੜੀ ਜ਼ਰੂਰੀ ਹੈ। ਇਸ ਤਰ੍ਹਾਂ ਇਹ ਬਾਹਰਲੀ ਰਹਿਤ ਸਾਡੇ ਨਿਆਰੇ-ਪਣ ਦਾ ਸੂਚਕ ਹੈ।

ਕਈ ਕਹਿੰਦੇ ਹਨ ਕਿ ਬਾਹਰਲੀ ਰਹਿਤ ਅਸੀਂ ਭਾਵੇਂ ਨਹੀਂ ਰਖੀ, ਪਰ ਅੰਦਰੋਂ ਅਸੀਂ ਪੱਕੇ ਸਿਖ ਹਾਂ, ਜਾਂ ਮਨ ਕਰਕੇ ਅਸੀਂ ਸਿਖ ਹੀ ਹਾਂ ਕਿਉਂਕਿ ਅਸੀਂ ਗੁਰੂ ਸਾਹਿਬ ਨੂੰ ਮੰਨਦੇ ਹਾਂ। ਪਰ ਇਹ ਵੀ ਪਾਖੰਡ ਹੈ ਤੇ ਝੂਠ ਹੈ। ਕਿਉਂਕਿ ਮਨ ਦੀ ਸਿਖੀ ਤਾਂ ਤਨ ਦੀ ਸਿਖੀ ਨਾਲੋਂ ਬਹੁਤ ਮੁਸ਼ਕਿਲ ਹੈ। ਜਿਹੜਾ ਮਨੁੱਖ ਕੇਸ ਦਾੜ੍ਹੀ ਹੀ ਸਾਬਤ ਨਹੀਂ ਰੱਖ ਸਕਦਾ, ਕੜਾ ਕਿਰਪਾਨ ਤੇ ਕਛਹਿਰਾ ਹੀ ਨਹੀਂ ਪਹਿਨ ਸਕਦਾ, ਉਹ ਮਨ ਕਰਕੇ ਸਿਖ ਕਿਸ ਤਰ੍ਹਾਂ ਹੋ ਸਕਦਾ ਹੈ, ਕਿਉਂਕਿ ਮਨ ਕਰਕੇ ਸਿੱਖ ਹੋਣ ਵਾਲੇ ਨੂੰ ਸਵੇਰੇ ਤਿੰਨ ਵਜੇ ਉਠਣਾ ਪੈਂਦਾ ਹੈ, ਸਿਮਰਨ ਕਰਨਾ ਪੈਂਦਾ ਹੈ, ਨਿਤਨੇਮ ਦੇ ਨਾਲ ਨਾਲ ਹਰ ਵਕਤ ਪ੍ਰਭੂ ਦੀ ਯਾਦ ਵਿਚ ਰਹਿਣਾ ਪੈਂਦਾ ਹੈ। ਇਸ ਬਾਰੇ ਗੁਰੂ ਸਾਹਿਬ ਆਪ ਲਿਖ ਗਏ ਹਨ:-

"ਗੁਰ ਸਤਿਗੁਰ ਦਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਇ।।
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖ ਗੁਰੂ ਮਨਿ ਭਾਵੈ.......।।"

ਇਹ ਸ਼ਬਦ ਪੜ੍ਹ ਕੇ ਮਨ ਕਰਕੇ ਸਿਖ ਅਖਵਾਉਣ ਵਾਲੇ ਦਸਣ ਕਿ ਕੀ ਉਹ ਸੱਚੀ ਮੁਚੀਂ ਇਸ ਤਰ੍ਹਾਂ ਦੇ ਸਿੱਖ ਹਨ ? ਜੇ ਹੈਨ ਤਾਂ ਧੰਨ ਭਾਗ। ਨਹੀਂ ਤਾਂ ਐਵੇਂ ਕਿਉਂ ਭੰਬਲ ਭੂਸਿਆਂ ਵਿਚ ਪੈ ਕੇ ਆਪ ਖਜਲ ਖੁਆਰ ਹੋ ਰਹੇ ਹਨ ਅਤੇ ਹੋਰਨਾਂ ਨੂੰ ਕੁਰਾਹੇ ਪਾਉਣ ਦਾ ਯਤਨ ਕਰ ਰਹੇ ਹਨ ?

## ਰਹਿਤ ਕੀ ਹੈ ?

ਸੰਜਮ ਨਾਲ ਜੀਵਨ ਜੀਉਣ ਨੂੰ ਸਿੱਖ ਧਰਮ ਵਿਚ ਰਹਿਤ ਵਿਚ ਰਹਿਣਾ ਕਿਹਾ ਗਿਆ ਹੈ। ਸੰਜਮ ਦਾ ਮਤਲਬ ਹੈ ਕਿਸੇ ਹਿਸਾਬ ਵਿਚ ਰਹਿਣਾ ਜਾਂ ਕਿਸੇ ਹਦ ਵਿਚ ਰਹਿਣਾ। ਹਿਸਾਬ ਜਾਂ ਹਦ ਆਪਣੇ ਮਤਲਬ ਦੀ ਨਹੀਂ, ਸਗੋਂ ਉਸ ਹਦ ਜਾਂ ਉਸ ਸੰਜਮ ਵਿਚ ਰਹਿਣਾ ਹੈ ਜਾਂ ਉਸ ਰਹਿਤ ਵਿਚ ਰਹਿਣਾ ਹੈ ਜੋ ਗੁਰੂ ਸਾਹਿਬ ਨੇ ਸਾਨੂੰ ਦਸੀ ਹੈ ਅਤੇ ਜਿਸ ਨਾਲ ਅਸੀਂ ਆਪ ਵੀ ਸੁਖੀ ਰਹਿ ਸਕਦੇ ਹਾਂ ਅਤੇ ਸਾਡਾ ਆਲਾ ਦੁਆਲਾ ਵੀ ਸੁਖੀ


www.AKJ.Org

ਹੋ ਸਕਦਾ ਹੈ। ਇਹ ਰਹਿਤ ਗੁਰੂ ਸਾਹਿਬ ਨੇ ਐਵੇਂ ਹੀ ਨਹੀਂ ਦਸ ਦਿਤੀ ਸਗੋਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਦਸਮੇਸ਼ ਜੀ ਤਕ ੨੩੯ ਸਾਲ ਦੇ ਲੰਮੇ ਤਜਰਬੇ ਦਾ ਨਿਚੋੜ ਹੈ, ਤੱਤ ਹੈ, ਜੋ ਕਿ ਸਾਨੂੰ ਧਾਰਨ ਕਰਨੀ ਚਾਹੀਦੀ ਹੈ।

ਵੈਸੇ ਚੰਗੀਆਂ ਮਾੜੀਆਂ ਗੱਲਾਂ ਦਾ ਸਾਰਾ ਸਾਨੂੰ ਪਤਾ ਹੁੰਦਾ ਹੈ, ਪਰ ਗੁਰਬਾਣੀ ਦੇ ਕਥਨ :-

ਕਬੀਰ ਮਨੁ ਜਾਨੈ ਸਭ ਬਾਤ,
ਜਾਨਤ ਹੀ ਅਉਗਨ ਕਰੈ।।

(ਪੰਨਾ ੧੩੭੬)

ਅਨੁਸਾਰ ਜਦ ਅਸੀਂ ਜਾਣ ਬੁਝ ਕੇ ਗ਼ਲਤ ਕੰਮ ਕਰਨ ਲਗ ਜਾਂਦੇ ਹਾਂ, ਮਨ-ਮਰਜ਼ੀਆਂ ਕਰਨ ਲਗ ਪੈਂਦੇ ਹਾਂ ਤਾਂ ਅੰਤ ਜਿਥੇ ਆਪ ਵੀ ਦੁਖੀ ਹੁੰਦੇ ਹਾਂ ਉਥੇ ਆਪਣੇ ਆਲੇ ਦੁਆਲੇ ਨੂੰ ਵੀ ਦੁਖੀ ਕਰਨ ਦਾ ਕਾਰਨ ਬਣਦੇ ਹਾਂ। ਇਸੇ ਲਈ ਮਹਾਰਾਜ ਨੇ ਸਾਨੂੰ ਰਹਿਤ ਵਿਚ ਰਹਿਣ ਜਾਂ ਸੰਜਮ ਵਿਚ ਰਹਿਣ ਲਈ ਜ਼ੋਰ ਦਿਤਾ ਹੈ ਤੇ ਇਥੋਂ ਤਕ ਕਿਹਾ ਹੈ :-

ਰਹਿਤ ਬਿਨਾ ਨਹਿ ਸਿੰਘ ਕਹਾਵੈ,
ਰਹਿਤ ਬਿਨਾ ਦਰ ਚੋਟਾਂ ਖਾਵੈ।।

ਭਾਵ ਰਹਿਤ ਤੋਂ ਬਗੈਰ ਸਿਖ, ਸਿਖ ਜਾਂ ਸਿੰਘ ਨਹੀਂ ਅਖਵਾ ਸਕਦਾ ਅਤੇ ਰਹਿਤ-ਹੀਨ ਪੁਰਸ਼ ਨੂੰ ਪ੍ਰਭੂ ਦੇ ਦਰ ਤੋਂ ਚੋਟਾਂ ਸਹਾਰਨੀਆਂ ਪੈਂਦੀਆਂ ਹਨ। ਸੋ ਰਹਿਤ ਦਾ ਮਤਲਬ ਅੰਦਰਲੀ ਤੇ ਬਾਹਰਲੀ ਦੋਵੇਂ ਰਹਿਤਾਂ ਹਨ।

**ਅੰਮ੍ਰਿਤ ਛਕਣਾ ਕੀ ਹੈ ?**

ਅੰਮ੍ਰਿਤ ਛਕਣਾ ਕੇਵਲ ਸੰਜਮ ਵਾਲਾ ਜੀਵਨ ਜੀਉਣ ਲਈ ਪ੍ਰਣ ਕਰਨਾ ਹੈ-ਬਸ।

ਅਸੀਂ ਆਪਣੇ ਆਪ ਨਾਲ ਕੀਤੇ ਪ੍ਰਣ ਬਹੁਤ ਵਾਰੀ ਤੋੜ ਦਿੰਦੇ ਹਾਂ, ਇਸ ਲਈ ਆਪਣੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਰੂਪ ਪੰਜਾਂ ਪਿਆਰਿਆਂ ਦੇ ਸਾਹਮਣੇ ਪ੍ਰਣ ਕਰਦੇ ਹਾਂ ਕਿ ਅਗੇ ਤੋਂ ਇਹ ਪੰਜ ਚੰਗੀਆਂ ਗੱਲਾਂ ਧਾਰਨ ਕਰਾਂਗੇ ਤੇ ਇਹ ਮਾੜੀਆਂ ਗੱਲਾਂ (ਕੁਰਹਿਤਾਂ) ਨਹੀਂ ਕਰਾਂਗੇ, ਭਾਵ ਸੰਜਮ ਵਿਚ ਰਹਾਂਗੇ। ਯਾਦ ਰਹੇ ਕਿਸੇ ਮਹਾਨ ਆਤਮਾ ਜਾਂ ਮਹਾਨ ਵਿਅਕਤੀ ਅਗੇ ਕੀਤਾ ਪ੍ਰਣ ਤੋੜ ਨਿਭਾਉਣ ਵਿਚ ਮਦਦਗਾਰ ਸਾਬਤ ਹੁੰਦਾ ਹੈ।

ਅਸਲ ਵਿਚ ਅੰਮ੍ਰਿਤ 'ਨਾਮ' ਹੈ, ਜੋ ਕਿ ਸਾਡੇ ਸਭ ਦੇ ਅੰਦਰ ਹੈ ਪਰ ਸਾਡੇ ਜੀਵਨ ਵਿਚ ਨਹੀਂ ਦਿਸਦਾ ਜਾਂ ਸਾਡੀ ਰਹਿਣੀ ਬਹਿਣੀ ਵਿਚ ਪ੍ਰਗਟ ਹੁੰਦਾ ਨਹੀਂ ਦਿਸਦਾ। ਉਸ ਨੂੰ ਪਰਗਟ ਕਰਨ ਲਈ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਜਾਂਦਾ ਹੈ, ਜਿਵੇਂ :-

ਅਸੀਂ ਕਈ ਵਾਰ ਵੇਖਿਆ ਹੈ ਕਿ ਹੱਥ ਨਾਲ ਗੇੜਨ ਵਾਲੇ ਹੈਂਡ ਪੰਪ ਦਾ ਪਾਣੀ ਜਦ ਹੇਠਾਂ ਉਤਰ ਜਾਂਦਾ ਹੈ ਤਾਂ ਬਾਹਰੋਂ (ਉਪਰੋਂ) ਪਾਣੀ ਪਾ ਕੇ ਗੇੜਨ ਨਾਲ ਹੇਠੋਂ ਪਾਣੀ ਉਪਰ ਆਉਣ ਲਗ ਪੈਂਦਾ ਹੈ। ਦਰ ਅਸਲ ਹੇਠਾਂ ਖੂਹ ਵਿਚ ਪਾਣੀ ਹੁੰਦਾ ਹੈ, ਪਰ ਨਾਲੀ ਵਿਚ ਨਹੀਂ ਹੁੰਦਾ। ਉਤੋਂ ਪਾਣੀ ਪਾ ਕੇ ਗੇੜਨ ਨਾਲ ਮੁੜ ਪਾਣੀ ਚਲ ਪੈਂਦਾ ਹੈ ਤੇ ਸੈਂਡੀਆਂ ਸਾਰੀਆਂ ਲੋੜਾ ਪੂਰੀਆਂ ਕਰਦਾ ਹੈ।

ਕੁਝ ਇਸੇ ਤਰ੍ਹਾਂ ਸਾਡੇ ਸਭ ਦੇ ਅੰਦਰ ਨਾਮ ਰੂਪੀ ਅੰਮ੍ਰਿਤ ਦਾ ਖੂਹ ਤਾਂ ਹੈ ਪਰ ਸਾਡੀਆਂ ਸਵਾਸ ਰੂਪੀ ਨਾਲਾਂ ਖੁਸ਼ਕ ਹੋ ਗਈਆਂ ਹਨ। ਸਾਡਾ ਜੀਵਨ ਸੰਜਮ ਵਾਲਾ ਨਾ ਹੋਣ ਕਰਕੇ, ਸਾਡੀ ਰਹਿਣੀ ਬਹਿਣੀ ਠੀਕ ਨਹੀਂ ਰਹੀਂ। ਅਸੀਂ ਰਹਿਤ ਵਾਲੇ ਨਹੀਂ ਰਹੇ। ਇਸ ਲਈ ਜ਼ਰੂਰੀ ਹੈ ਕਿ (ਨਲਕੇ ਵਿਚ ਬਾਹਰੋਂ ਪਾਣੀ ਵਾਂਗ) ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਜਾਏ। ਅੰਮ੍ਰਿਤ ਛਕ ਕੇ ਆਪਣੀ ਰਹਿਤ ਵਿਚ (ਸੰਜਮ ਵਿਚ) ਰਹਾਂਗੇ ਤਾਂ ਸਾਡਾ ਮਨ ਬੁਰਿਆਈਆਂ ਤੋਂ ਹਟੇਗਾ, ਵਿਕਾਰਾਂ ਵਲੋਂ ਰੁਕੇਗਾ। ਇਸ ਦੇ ਨਾਲ ਸਰੀਰ ਦੇ ਨਲਕੇ ਨੂੰ ਗੇੜਾਂਗੇ ਤਾਂ ਨਾਮ ਰੂਪੀ ਅੰਮ੍ਰਿਤ ਦੇ ਫੁਹਾਰੇ ਛੁਟ ਪੈਣਗੇ। ਜਿਸ ਨਾਲ ਅਸੀਂ ਆਪ ਹੀ ਨਹੀਂ, ਸਗੋਂ ਸਾਡਾ ਆਲਾ ਦੁਆਲਾ ਵੀ ਸਰਸ਼ਾਰ ਹੋਏਗਾ। ਇਸ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ।

'ਗੁਰਬਾਣੀ ਇਸ ਜਗੁ ਮਹਿ ਚਾਨਣ' ਹੈ। ਦੁੱਧ ਵਿਚ ਘਿਉ ਦੀ ਹੋਂਦ ਵਾਂਗ ਗੁਰਬਾਣੀ ਵਿਚ ਨਾਮ ਰਮਿਆ ਹੋਇਆ ਹੈ। ਗੁਰਬਾਣੀ ਨਾਮ ਵਲ ਪ੍ਰੇਰਦੀ ਹੈ। ਰੋਜ਼ ਪੜ੍ਹਨ ਸੁਣਨ ਨਾਲ ਜਿਥੇ ਸਾਡੀ ਅਗਿਆਨਤਾ ਦਾ ਹਨੇਰਾ ਦੂਰ ਹੋਵੇਗਾ ਉਥੇ ਦੁਨਿਆਵੀ ਮੁਸੀਬਤਾਂ ਪੈਣ ਉਤੇ ਇਹ ਬਾਣੀ ਸਾਡੀ ਅਗਵਾਈ ਕਰਦੀ ਹੈ, ਤੇ ਸ਼ਾਂਤੀ ਦਾ ਮਾਰਗ ਦ੍ਰਿੜ੍ਹਾਉਂਦੀ ਹੈ। ਇਸ ਲਈ ਇਸ ਦਾ ਪੜ੍ਹਨਾ ਸੁਣਨਾ ਜ਼ਰੂਰੀ ਹੈ। ਇਸ ਰਹਿਤ ਜਾਂ ਸੰਜਮ ਦੀ ਸਭ ਨੂੰ ਲੋੜ ਹੈ-

ਅਗ, ਹਵਾ, ਪਾਣੀ, ਚੰਦ, ਸੂਰ ਆਦਿ ਕੁਦਰਤੀ ਚੀਜ਼ਾਂ ਕਿਸੇ ਨ ਕਿਸੇ ਸੰਜਮ ਵਿਚ ਜਾਂ ਕਿਸੇ ਨਿਯਮ ਬਧੀਆਂ ਹੋਈਆਂ ਹੀ ਸਾਰਾ ਕੰਮ ਕਰ ਰਹੀਆਂ ਹਨ। ਅੱਗ ਜਾਂ ਪਾਣੀ ਨਿਯਮ ਨਾਲ ਚਲ ਕੇ ਸਾਡੇ ਹਜ਼ਾਰਾਂ ਕੰਮ ਸੰਵਾਰਦੇ ਹਨ। ਪਰ ਜੇ ਇਹ ਆਪਣੇ ਨਿਯਮ ਛਡ



www.AKJ.Org

ਦੇਣ ਤਾਂ ਸਾਡੀ ਜਾਨ ਲਈ ਬਿਪਤਾ ਖੜੀ ਕਰ ਦੇਣ। (ਅੱਗਾਂ ਤੇ ਹੜ੍ਹ ਸਾਡੀ ਬਰਬਾਦੀ ਲਿਆ ਦੇਣ) ਇਸੇ ਤਰ੍ਹਾਂ ਜੇ ਸੂਰਜ ਚੰਦਰਮਾਂ ਆਦਿ ਆਪਣੀ ਚਾਲ ਹੌਲੀ ਕਰ ਦੇਣ ਜਾਂ ਤੇਜ਼ ਚਲ ਪੈਣ ਤਾਂ ਪਰਲੋ ਲਿਆ ਦੇਣ। ਯਾਦ ਰਹੇ ਨਿਯਮ ਅਨੁਸਾਰ ਜਾਂ ਸੰਜਮ ਵਿਚ ਚਲਣ ਨੂੰ ਹੀ ਰਹਿਤ ਵਿਚ ਰਹਿਣਾ ਕਿਹਾ ਗਿਆ ਹੈ।

ਦੇਖਣਾ ਜਾਂ ਸੁਣਨਾ ਕੋਈ ਮਾੜੀ ਗੱਲ ਤਾਂ ਨਹੀਂ। ਅੱਖਾਂ ਅਤੇ ਕੰਨ ਇਸੇ ਕੰਮ ਲਈ ਲਗਾਏ ਹਨ ਤਾਂ ਜੁ ਕੁਦਰਤ ਦੀਆਂ ਦਿਤੀਆਂ ਦਾਤਾਂ ਦਾ ਆਨੰਦ ਮਾਣੀਏ (ਪਰ ਹਿਸਾਬ ਵਿਚ ਰਹਿ ਕੇ)

ਸਾਰੇ ਜਾਣਦੇ ਹਨ ਕਿ ਪਤੰਗੇ ਨੂੰ ਦੇਖਣ ਦਾ ਰਸ (ਸੁਆਦ ਜਾਂ ਸ਼ੌਕ) ਇਤਨਾ ਜ਼ਿਆਦਾ ਹੈ ਕਿ ਉਹ ਬਲਦੀ ਹੋਈ ਅੱਗ ਦੀ ਲਾਟ ਵੱਲ ਅੰਨ੍ਹੇਵਾਹ ਦੌੜਦਾ ਹੈ ਅਤੇ ਸੜ ਕੇ ਹੀ ਚੈਨ ਲੈਂਦਾ ਹੈ। ਹਿਰਨ ਨੂੰ ਕੰਨ-ਰਸ ਇਤਨਾ ਜ਼ਿਆਦਾ ਹੈ ਕਿ ਉਹ ਖ਼ਾਸ ਕਿਸਮ ਦੀ ਅਵਾਜ਼ ਉਤੇ ਮਸਤ ਹੋਇਆ ਹੋਇਆ ਉਸ ਆਵਾਜ਼ ਵਲ ਬਿਨਾਂ ਸੋਚੇ ਸਮਝੇ ਅੰਨੇਵਾਹ ਦੌੜਦਾ ਹੋਇਆ ਸ਼ਿਕਾਰੀ ਦੇ ਜਾਲ ਵਿਚ ਫਸਦਾ ਹੈ। ਗੱਲ ਕੀ, ਕਿਸੇ ਸੰਜਮ ਜਾਂ ਨਿਯਮ ਦੀ ਹੱਦ ਟੱਪ ਜਾਣ ਵਾਲੇ ਦੀ ਦਸ਼ਾ ਕੁਝ ਇਸੇ ਤਰ੍ਹਾਂ ਹੀ ਹੁੰਦੀ ਹੈ।

ਇਸੇ ਤਰ੍ਹਾਂ ਨਾ ਖਾਣ ਪੀਣ ਦੀ ਮਨਾਹੀ ਹੈ ਅਤੇ ਨਾ ਹੀ ਪਹਿਰਣ ਦੀ। ਮਹਾਰਾਜ ਨੇ ਸਾਨੂੰ ਛੱਤੀ ਪਰਕਾਰ ਦੇ ਭੋਜਨ ਖਾਣ ਪੀਣ ਲਈ ਹੀ ਦਿਤੇ ਹਨ। ਪਰ ਜੀਭ ਦੇ ਚਸਕੇ ਜਾਂ ਸੁਆਦਾਂ ਦੀ ਜਦੋਂ ਅਸੀਂ ਹੱਦ ਟੱਪ ਜਾਂਦੇ ਹਾਂ ਤਾਂ ਅਸੀਂ ਭਖ-ਅਭਖ ਸਭ ਖਾਣ ਲਗ ਜਾਂਦੇ ਹਾਂ। ਅਸੀਂ ਖਾਣ ਵਾਲੀਆਂ ਅਤੇ ਨਾ ਖਾਣ ਵਾਲੀਆਂ ਵਸਤੂਆਂ ਦਾ ਫ਼ਰਕ ਹੀ ਭੁਲ ਜਾਂਦੇ ਹਾਂ। ਕੇਵਲ ਜੀਭ ਦੇ ਚਸਕੇ ਦੇ ਅਧੀਨ ਇਹ ਵੀ ਖਾਓ ਉਹ ਵੀ ਪੀਓ ਦੇ ਵਹਿਣ ਵਿਚ ਐਸੇ ਵਹਿ ਤੁਰਦੇ ਹਾਂ ਜਿਸ ਤਰ੍ਹਾਂ ਮੱਛੀ ਜੀਭ ਦੇ ਸੁਆਦ ਬਦਲੇ ਸ਼ਿਕਾਰੀ ਦੇ ਕਾਂਟੇ ਨਾਲ ਲਗੇ ਸੁੱਕੀ ਰੋਟੀ ਦੇ ਟੁਕੜੇ ਨੂੰ ਜਾ ਫੜਦੀ ਹੈ ਤੇ ਉਥੇ ਹੀ ਅੜ ਜਾਂਦੀ ਹੈ। ਫਿਰ ਜਿਸ ਤਰ੍ਹਾਂ ਤੜਫ ਤੜਫ ਕੇ ਮੱਛੀ ਜਾਨ ਦੇਂਦੀ ਹੈ। ਉਹ ਅਸੀਂ ਸਭ ਜਾਣਦੇ ਹਾਂ (ਪਰ ਅਸੀਂ ਆਪਣੇ ਕੁ-ਰਸਾਂ ਅਧੀਨ ਕਰ ਰਹੇ ਕੰਮਾਂ ਦੇ ਨਤੀਜੇ ਬਾਰੇ ਧਿਆਨ ਨਹੀਂ ਦੇਂਦੇ ਕਿ ਸਾਡਾ ਅੰਤ ਹਾਲ ਕੀ ਹੋਏਗਾ)।

ਭਉਰਾ ਫੁਲ ਨੂੰ ਸੁੰਘਣ ਵਿਚ ਇਤਨਾ ਜ਼ਿਆਦਾ ਮਸਤ ਹੋ ਜਾਂਦਾ ਹੈ, ਰਸ (ਸੁਆਦ) 'ਚ ਇਤਨਾ ਗਲਤਾਨ ਹੋ ਜਾਂਦਾ ਹੈ ਕਿ ਜਾਨ ਹੀ ਦੇ ਦੇਂਦਾ ਹੈ।

ਉਦਾਹਰਨ ਵਜੋਂ ਉਪਰਲੀ ਵਿਆਖਿਆ ਗੁਰਬਾਣੀ ਦੀ ਹੇਠਲੀ ਤੁਕ ਨੂੰ ਸਾਹਮਣੇ ਰਖ ਕੇ ਸੰਖੇਪ ਵਿਚ ਇਸ ਲਈ ਦਿਤੀ ਗਈ ਹੈ ਤਾਂ ਜੁ ਸੱਪਸ਼ਟ ਹੋ ਸਕੇ ਕਿ ਨਿਯਮ ਤੋਂ ਬੇਨਿਯਮ, ਸੰਜਮ ਤੋਂ ਬੇਸੰਜਮ ਜਾਂ ਕਿਸੀ ਹੱਦ ਨੂੰ ਟੱਪ ਜਾਣ ਤੇ ਇਹ ਹਾਲ ਹੁੰਦਾ ਹੈ। ਸ਼ਬਦ ਇਸ ਤਰ੍ਹਾਂ ਹੈ :-

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥

(ਪੰਨਾ ੪੮੬)

ਭਾਵ- ਹਿਰਨ, ਮਛੀ ਭਉਰਾ, ਹਾਥੀ ਆਦਿ ਇਕ ਇਕ ਔਗਣ ਦੀ ਹਦ ਟਪ ਕੇ ਨਾਸ਼ ਹੋ ਜਾਂਦੇ ਹਨ ਤਾਂ ਮਨੁੱਖ ਜਿਸ ਵਿਚ ਪੰਜੇ ਹੀ ਰੋਗ ਹਨ ਅਤੇ ਜਦ ਇਹ ਪੰਜਾਂ ਹੀ ਰੋਗਾਂ ਦੀ ਹੱਦ ਟੱਪਣ ਦੀ ਗ਼ਲਤੀ ਕਰ ਸਕਦਾ ਹੈ ਤੇ ਕਰਦਾ ਵੀ ਹੈ ਤਾਂ ਇਸ ਦੇ ਬਚਣ ਦੀ ਕੀ ਆਸ ਹੋ ਸਕਦੀ ਹੈ ?

ਪਸ਼ੂ ਪੰਛੀ ਨੂੰ ਇਕ ਇਕ ਰੋਗ ਹੈ, ਪਰ ਇਸ ਚੌਰਾਸੀ ਲਖ ਜੂਨਾਂ ਦੇ ਸਰਦਾਰ ਨੂੰ ਪੰਜ ਰੋਗਾਂ ਦਾ ਟਾਕਰਾ ਕਰਨਾ ਪੈਂਦਾ ਹੈ। ਇਹ ਟਾਕਰਾ ਕਿਸੇ ਸੰਜਮ ਵਿਚ, ਕਿਸੇ ਨਿਯਮ ਵਿਚ ਰਹਿ ਕੇ ਜਾਂ ਕਿਸੇ ਰਹਿਤ ਵਿਚ ਰਹਿ ਕੇ ਹੀ ਹੋ ਸਕਦਾ ਹੈ, ਐਵੇਂ ਨਹੀਂ ਹੋ ਸਕਦਾ। ਨਿਰੀ ਚਤੁਰਾਈ ਸਿਆਣਪ ਦੀ ਕੁਝ ਨਹੀਂ ਵਟੀਦੀ।

ਜੇ ਇਨ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਵਿਕਾਰਾਂ ਤੋਂ ਬਚਣਾ ਸੌਖਾ ਹੁੰਦਾ ਤਾਂ ਮਹਾਰਾਜ ਸਾਨੂੰ ਰਹਿਤ ਵਿਚ ਰਹਿਣ ਲਈ ਇਤਨਾ ਜ਼ੋਰ ਨਾ ਦੇਂਦੇ। ਰਹਿਤਨਾਮੇ ਤਾਂ ਸਪਸ਼ੱਟ ਕਹਿੰਦੇ ਹਨ :-

ਰਹਿਤ ਪਿਆਰੀ ਮੋਹਿ ਕੋ ਸਿਖ ਪਿਆਰਾ ਨਾਹਿ॥
(ਜਾਂ) ਰਹਿਣੀ ਰਹੈ ਸੋਈ ਸਿਖ ਮੇਰਾ॥

ਰਹਿਤ ਦਾ ਮਤਲਬ ਸਾਡੀ ਬਾਹਰਲੀ ਅਤੇ ਅੰਦਰਲੀ ਰਹਿਤ ਦੋਵੇਂ ਤਰ੍ਹਾਂ ਦਾ ਰਹਿਤ ਹੈ। ਗੁਰੂ ਕੇ ਸਿਖ ਅਖਵਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਅੰਮ੍ਰਿਤ ਛਕਣ ਅਤੇ ਰਹਿਤ ਵਿੱਚ ਰਹਿ ਕੇ ਸੰਜਮੀ ਜੀਵਨ ਅਪਣਾਉਣ। ਫ਼ਰਮਾਨ ਹੈ-

ਬੰਦੇ ਸਿ ਜੇ ਪਵਹਿ ਵਿਚਿ ਬੰਦੀ,
ਵੇਖਣ ਕਉ ਦੀਦਾਰ॥

('ਸਿੰਘ ਸਭਾ ਸੰਦੇਸ)



www.AKJ.Org

## ਦੇਹ-ਧਾਰੀ ਗੁਰੂ ਤੋਂ ਸਾਵਧਾਨੀ

ਪ੍ਰਿੰ: ਸੱਜਣ ਸਿੰਘ ਜੀ

ਹੋ ਸਕਦਾ ਹੈ ਕਿ ਕਿਸੇ ਹੋਰ ਖੇਤਰ ਵਿੱਚ ਕੋਈ ਗੁਰੂ ਧਾਰਨ ਦੀ ਰਸਮ ਪੂਰੀ ਕਰੇ ਬਿਨਾ ਮੰਜ਼ਲ ਤਕ ਪਹੁੰਚ ਜਾਏ ਪਰ ਅਧਿਆਤਮਕ ਮਾਰਗ ਤੇ ਚੱਲਣ ਵਾਲੇ ਪਾਂਧੀ ਲਈ ਇਹ ਪਹਿਲੀ ਤੇ ਲਾਜ਼ਮੀ ਸ਼ਰਤ ਹੈ। ਗੁਰੂ ਦੀ ਬਖਸ਼ਸ਼ ਬਿਨਾ ਬੰਦਾ ਚੁਰਾਸੀ ਦਾ ਗੇੜ ਇਉਂ ਕੱਟੀ ਜਾਂਦਾ ਹੈ ਜਿਉਂ ਕੋਲੂ ਦਾ ਬਲਦ ਭ੍ਰਮਦਾ ਫਿਰਦਾ ਹੈ। 'ਬਿਰਥੀ ਘਾਲ ਨ ਜਾਇ' ਦਾ ਇਹ ਅਰਥ ਨਹੀਂ ਕਿ ਸਾਰੀਆਂ ਘਾਲਾਂ ਨੂੰ ਫਲ ਲੱਗਦੇ ਹਨ। ਕੇਵਲ ਸੱਚੇ ਗੁਰੂ ਦੇ ਉਪਦੇਸ਼ ਤੋਂ ਹੀ ਸੋਝੀ ਹੁੰਦੀ ਹੈ ਕਿ ਸੱਚੀ ਘਾਲ ਕਿਹੜੀ ਹੈ, ਕਿਸ ਤਰਾਂ ਕਰਨੀ ਹੈ ਤੇ ਕਿਸ ਸਮੇਂ ਕਰਨੀ ਹੈ। ਜਿਹੜਾ ਕਿਸਾਨ ਅਗਿਆਨਤਾ ਜਾਂ ਹਠ ਕਾਰਣ ਕੁਰੁੱਤਾ ਬੀਜ ਬੀਜਦਾ ਹੈ, ਕੱਲਰ ਧਰਤੀ ਵਿੱਚ ਬੀਜ ਸੁੱਟਦਾ ਹੈ ਜਾਂ ਸਾਬਤ ਦਾਂਣੇ ਦਾ ਪਰਯੋਗ ਨਹੀਂ ਕਰਦਾ, ਉਸ ਦੀ ਕੀਤੀ ਕਮਾਈ ਅਕਾਰਥ ਜਾਂਦੀ ਹੈ।

(1) ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ।। (੧੦੦੨)

(2) ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ,
ਸਭੁ ਲਾਹਾ ਮੂਲੁ ਗਵਾਇਆ।। (੪੪੬)

ਨਾਮਹੀਣ ਪ੍ਰਾਣੀ ਮੂਰਖ ਤੇ ਅਗਿਆਨੀ ਹੈ, ਚੰਗੇ ਮਾੜੇ ਕਰਮ ਦੀ ਪਛਾਣ ਬਿਨਾ ਵਿਵੇਕਹੀਨ ਹੈ, ਉਸ ਨੂੰ ਜੀਵਨ ਵਿੱਚ ਅਸਲ ਟਿਕਾਉ ਕਿਥੇ ?

ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ।।
ਬਿਨੁ ਗੁਰ ਮਨੂਆ ਨ ਟਿਕੈ ਫਿਰਿ ਫਿਰਿ ਜੂਨੀ ਪਾਇ।।
(੩੧੩)

ਇਹ ਧਾਰਣਾ ਲੱਗ ਭੱਗ ਸਾਰੇ ਧਰਮਾਂ ਵਿੱਚ ਪ੍ਰਚੱਲਤ ਹੈ, ਤੇ ਭੁੱਲਿਆਂ ਨੂੰ ਸੱਚਾ ਤੇ ਗਾਡੀ ਰਾਹ ਦਰਸਾਉਣ ਵਾਲੇ ਸਮਰਥ ਗੁਰੂ ਦਾ ਫੁਰਮਾਨ ਵਿਸ਼ਵਾਸ਼ ਭਰੇ ਸ਼ਬਦਾਂ ਦੁਆਰਾ ਪ੍ਰਗਟ ਰੂਪ ਵਿੱਚ ਮੂਰਤੀਵਾਨ ਹੈ।

ਮਤ ਕੋ ਭਰਮਿ ਭੁਲੈ ਸੰਸਾਰਿ।।
ਗੁਰ ਬਿਨੁ ਕੋਇ ਨ ਉਤਰਸਿ ਪਾਰ।।
(੮੬੪)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿੱਚ ਆਉਣ ਤੋਂ ਪਹਿਲਾਂ (ਗੁਰੂ) ਅਮਰਦਾਸ ਜੀ ਨੂੰ ਤੀਰਥ ਯਾਤਰਾ ਦੇ ਦੌਰਾਨ ਇੱਕ ਸਾਧੂ ਪੁਰਸ਼ ਜਾਂ ਬ੍ਰਹਮਚਾਰੀ ਦੇ ਕਟਾਖਸ਼ ਭਰੇ ਸ਼ਬਦ ਸੁਣਨੇ ਪਏ ਸਨ। ਮਾਨਸਕ ਅਵਸਥਾ ਵਿੱਚ ਹਿੱਲ ਜੁੱਲ ਮਚ ਗਈ, ਗੁਰੂ ਬਿਨਾਂ ਕਰਮ ਧਰਮ, ਤੀਰਥ ਯਾਤਰਾ ਕਿਸ ਲੇਖੇ ? ਆਪ ਲਈ ਪਛਤਾਵੇ ਦੀ ਪੀੜਾ ਨੂੰ ਦੂਰ ਕਰਨ ਦਾ ਇਕੋ ਇਲਾਜ ਸੀ- ਛੇਤੀ ਤੋਂ ਛੇਤੀ ਪੂਰਨ ਗੁਰੂ ਦੀ ਛੁਹ ਪ੍ਰਾਪਤ ਕਰਨੀ। ਹਜ਼ੂਰ ਦੇ ਮਨ ਵਿੱਚ ਇਹ ਗੱਲ ਵਸ ਗਈ ਕਿ ਮਨ ਦੇ ਦਰਵਾਜੇ ਨੂੰ ਜਿਹੜਾ ਜਿੰਦਰਾ ਲੱਗਾ ਹੋਇਆ ਹੈ, ਉਹ ਗੁਰੂ ਬਿਨਾਂ ਨਹੀਂ ਖੁੱਲਦਾ ਕਿਉਂਕਿ ਉਸ ਦੀ ਚਾਬੀ ਕੇਵਲ ਸਮੱਰਥ ਗੁਰੂ ਕੋਲ ਹੁੰਦੀ ਹੈ।

ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।।
ਨਾਨਕ ਗੁਰ ਬਿਨੁ ਮਨ ਕਾ ਤਾਕ ਨ ਉਘੜੈ
ਅਵਰ ਨ ਕੁੰਜੀ ਹਥਿ।। (ਵਾਰ ਸਾਰੰਗ- ੧੨੩੭)

ਪਰ ਇਸ ਧਾਰਣਾ ਦਾ ਲਾਭ ਤਾਂ ਅਧਿਕਾਰੀ ਸੱਜਣਾਂ ਨੇ ਉਠਾਉਣਾ ਹੀ ਸੀ, ਇਸ ਦਾ Exploitation (ਸੋਸ਼ਣ) ਸੁਆਰਥੀ ਤੇ ਹੰਕਾਰੀ ਪੁਰਸ਼ਾਂ ਨੇ ਖੂਬ ਕੀਤਾ ਹੈ। ਸਾਰੇ ਸੰਸਾਰ ਨੂੰ ਜਕੜਨ ਵਾਲਾ ਹਉਮੈ ਦਾ ਰੋਗ ਐਸਾ ਛਲੇਡਾ ਹੈ ਕਿ ਵਕਤ ਜਾਂ ਹਾਲਾਤ ਦੇ ਪ੍ਰੀਵਰਤਣ ਹੋਣ ਨਾਲ ਇਹ ਆਪਣਾ ਰੂਪ ਬਦਲ ਲੈਂਦਾ ਹੈ। ਵਾਲ ਚਿੱਟੇ ਹੋ ਜਾਂਦੇ ਹਨ ਤਾਂ ਜੂੰ ਵੀ ਚਿੱਟੀ ਹੋ ਜਾਂਦੀ ਹੈ। ਡਾਕਟਰ ਇੱਕ ਰੋਗ ਦਾ ਇਲਾਜ਼ ਕਰਦਾ ਹੈ, ਉਹ ਰੋਗ ਗਾਇਬ ਹੋਇਆ ਦਿਖਾਈ ਦਿੰਦਾ ਹੈ, ਨਵਾਂ ਰੋਗ ਪ੍ਰਗਟ ਹੋ ਜਾਂਦਾ ਹੈ। ਇਵੇਂ ਹੀ ਸਾਧਕਾਂ, ਤੇ ਰਿਸ਼ੀਆਂ ਮੁਨੀਆਂ ਨੇ ਦੀਰਘ ਰੋਗ ਦੇ ਨਿਵਾਰਣ ਦਾ ਜਤਨ ਕੀਤਾ, ਉਸ ਨੇ ਮਾਨ ਦਾ ਰੂਪ ਧਾਰਨ ਕਰ ਲਿਆ। ਇਜ਼ੱਤ ਮਾਨ ਵਡਿਆਈ ਦੀ ਲਾਲਸਾ ਤੋਂ ਕੌਣ ਬਚਿਆ ਹੈ ? ਆਪਣੀ ਮਹਿਮਾਂ, ਪ੍ਰਸੰਸਾ ਤੇ ਪ੍ਰਸਿਧੀ ਬਾਰੇ ਸੁਨਣ ਦੀ ਚਾਹ ਕਿਸ ਹਿਰਦੇ ਵਿੱਚ ਉਤਪੰਨ ਨਹੀਂ ਹੁੰਦੀ ?

ਆਪਣੀ ਮਾਨਤਾ ਦੀ ਭੁੱਖ ਏਨੀ ਪ੍ਰਬਲ ਹੈ ਕਿ ਆਪਣੇ ਰਾਹ ਵਿੱਚ ਟੁਰਿਆ ਬੰਦਾ ਥੋੜੀ ਜਿਹੀ ਰਿੱਧੀ ਸਿੱਧੀ, ਸ਼ਕਤੀ ਕਰਾਮਾਤ ਪ੍ਰਾਪਤ ਕਰ ਕੇ ' ਮੈਂ ਭੀ ਕੁਝ ਹਾਂ' ਦੀ ਦੁਰਭਾਵਨਾ ਅਧੀਨ ਵਾਹਿਗੁਰੂ ਨਾਲੋਂ ਨਾਤਾ ਤੋੜ ਕੇ ਥਿੜਕ ਜਾਂਦਾ ਹੈ। ਨਿਰਸੰਦੇਹ ਸਿੱਖੀ ਸੇਵਕੀ ਦੇ ਸੁਆਦ ਤੇ ਗੁਰੂਡੰਮ ਦੇ ਚਸਕੇ ਵਿਚ ਗਲਤਾਨ ਬੰਦੇ ਨੂੰ ਮੰਜ਼ਲ ਪ੍ਰਾਪਤੀ ਦੀ ਇੱਛਾ ਬਿਲਕੁਲ ਨਹੀਂ ਰਹਿੰਦੀ।

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ।।
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ।।੯੯।।
ਸਲੋਕ ਭਗਤ ਕਬੀਰ ਜੀ ਦੇ (੧੩੬੯)

ਐਸੇ ਲੋਕਾਂ ਵਿੱਚ ਜਿਹੜੇ ਸਿੱਖੀ ਸਰੂਪ ਵਾਲੇ ਹਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕੇਵਲ



www.AKJ.Org

ਦਿਖਾਵੇ ਲਈ ਤੇ ਆਪਣਾ ਸੁਆਰਥ ਪੂਰਾ ਕਰਨ ਲਈ ਕਰਦੇ ਹਨ। ਉਹਨਾਂ ਨੇ ਗੁਰਬਾਣੀ ਨੂੰ ਸੱਤ-ਸਰੂਪ ਕਦੇ ਵੀ ਨਹੀਂ ਜਾਣਿਆ ਤੇ ਇਸ ਦੇ ਸਹੀ ਅਰਥ ਸਮਝਣ ਦੀ ਲੋੜ ਨਹੀਂ ਪੈਂਦੀ। ਜੇ ਉਹਨਾਂ ਦੇ ਹਿਰਦੇ ਵਿੱਚ ਰੱਤੀ ਭਰ ਵੀ ਗੁਰਮਤਿ ਉਪਦੇਸ਼ ਦਾ ਪ੍ਰਕਾਸ਼ ਹੋਵੇ ਤਾਂ ਉਹ ਆਪਣੇ ਚਾਟੜਿਆਂ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਗੁਰੂਡੰਮ ਦੇ ਜਾਲ ਵਿੱਚ ਫਸਾਉਣ ਦੀ ਹਰਕਤ ਨ ਕਰਨ। ਕੱਚ ਵਿਹਾਝਣ ਵਾਲੇ ਭਾਵੇਂ ਅਤਰ ਫੁਲੇਲ ਵੇਚਣ ਵਾਲੇ ਅੱਤਾਰ ਦੀ ਰੀਸ ਨ ਕਰਨ ਪਰ ਇਹ ਲੋਕ ਸਤਿਗੁਰੂ ਦੀ ਬਰਾਬਰੀ ਕਰਨ ਦਾ ਦਾਅਵਾ ਕਰੀ ਜਾਂਦੇ ਹਨ। ਉਨਾਂ ਦੀਆਂ ਭੁਲੇਖਾ-ਪਾਉ ਦਲੀਲਾਂ ਇਸ ਤਰਾਂ ਦੀਆਂ ਹਨ।

(1) ਸਾਰੇ ਮਹਾਂ ਪੁਰਸ਼ਾਂ ਦੇ ਦੇਹ-ਧਾਰੀ ਗੁਰੂ ਸਨ, ਸ੍ਰੀ ਰਾਮ ਚੰਦਰ ਦੇ ਗੁਰੂ ਵਸ਼ਿਸ਼ਟ ਤੇ ਸ੍ਰੀ ਕ੍ਰਿਸ਼ਨ ਦੇ ਸੰਦੀਪਨ ਸਨ। ਕਈ ਸ਼ਰਾਰਤੀ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਦੇ ਗੁਰੂ ਭਗਤ ਕਬੀਰ ਜਾਂ ਭਾਈ ਲਾਲੋ ਵੀ ਥਾਪੇ ਹਨ। ਇਹਨਾਂ ਲੋਕਾਂ ਦੀ ਜ਼ਬਾਨ ਕਿਹੜਾ ਬੰਦ ਕਰੇ ?

(2) ਇਨਸਾਨ ਇਨਸਾਨ ਤੋਂ ਹੀ ਉਪਦੇਸ਼ ਲੈ ਸਕਦਾ ਹੈ, ਇਸ ਲਈ ਦੇਹਧਾਰੀ ਗੁਰੂ ਹੋਣਾ ਅਵਸ਼ਕ ਹੈ।

(3) ਪਰਮਾਤਮਾ ਆਪ ਤਾਂ ਉਪਦੇਸ਼ ਦੇ ਨਹੀਂ ਸਕਦਾ, ਉਹ ਇਨਸਾਨੀ ਰੂਪ ਵਿਚ ਪਰਵੇਸ਼ ਕਰਕੇ ਹੀ ਸਾਧਕਾਂ ਦੀ ਅਗਵਾਈ ਕਰ ਸਕਦਾ ਹੈ।

(4) ਕੇਵਲ ਪੁਸਤਕਾਂ ਜਾਂ ਗ੍ਰੰਥ ਕਾਫੀ ਨਹੀਂ ਹੁੰਦੇ। ਉਨਾਂ ਦੇ ਗਿਆਨ ਨੂੰ ਪ੍ਰਗਟਾਉਣ ਤੇ ਸਮਝਾਉਣ ਲਈ ਮਨੁੱਖੀ ਜਾਮੇ ਦੀ ਜ਼ਰੂਰਤ ਹੈ।

(5) ਦੇਹਧਾਰੀ ਗੁਰੂ ਦੀ ਰਸਨਾ, ਦ੍ਰਿਸ਼ਟੀ ਜਾਂ ਸਪਰਸ਼ ਦਾ ਆਪਣਾ ਵੱਖਰਾ ਤੇ ਲਾਜਵਾਬ ਪ੍ਰਭਾਵ ਹੈ।

(6) ਅਚਾਨਕ ਕਿਸੀ ਸਮੱਸਿਆ ਦੇ ਸੁਲਝਾਉਣ ਲਈ ਦੇਹਧਾਰੀ ਗੁਰੂ ਦੀ ਹੋਂਦ ਹੀ ਸਹਾਇਤਾ ਕਰਦੀ ਹੈ।

ਕਈ ਦਲੀਲਾਂ ਤਾਂ ਏਨੀਆਂ ਕੱਚੀਆਂ ਜਾਂ ਬੇਤੁਕੀਆਂ ਹਨ ਕਿ ਉਨਾਂ ਤੋਂ ਕੁੱਝ ਵੀ ਪੱਲੇ ਨਹੀਂ ਪੈਂਦਾ, ਜਿਵੇਂ ਇਕ ਮੋਮਬੱਤੀ ਨੂੰ ਜਗਾਉਣ ਲਈ ਜਗਦੀ ਮੋਮ ਬੱਤੀ ਚਾਹੀਦੀ ਹੈ। ਕੀ ਜਗਦੀ ਮੋਮਬੱਤੀ ਦੀ ਤੁੱਲਨਾ ਦੇਹ ਧਾਰੀ ਗੁਰੂ ਨਾਲ ਕੀਤੀ ਜਾ ਸਕਦੀ ਹੈ ? ਕੀ ਜਗਦੀ ਮੋਮਬੱਤੀ ਦੇ ਇਲਾਵਾ, ਕੋਈ ਹੋਰ ਵਸਤੂ ਮੋਮ ਬੱਤੀ ਨਹੀਂ ਜਗਾ ਸਕਦੀ ? ਕੀ ਮਾਚਸ ਦੀ ਡੱਬੀ ਤੇ ਤੀਲੀਆਂ ਵਿੱਚ ਅਦ੍ਰਿਸ਼ਟ ਅਗਨੀ ਨਹੀਂ ?

ਗੁਰੂਡੰਮ ਦੇ ਪਰਚਾਰਕਾਂ ਦਾ ਸਭ ਤੋਂ ਵੱਡਾ ਹਥਿਆਰ ਗੁਰਬਾਣੀ ਨੂੰ ਗਲਤ ਢੰਗ ਨਾਲ ਤੇ ਗਲਤ ਰੂਪ ਵਿੱਚ ਪੇਸ਼ ਕਰਨਾ ਹੈ। ਇਸ ਤੋਂ ਉਨਾਂ ਦੀ ਅਗਿਆਨਤਾ, ਈਰਖਾ ਤੇ ਖੁਦ-ਪ੍ਰਸਤੀ ਦੀ ਗੰਧ ਛੁਪੀ ਨਹੀਂ ਰਹਿੰਦੀ, ਬਲਕਿ ਸਪਸ਼ਟ ਰੂਪ ਵਿੱਚ ਦਿਖਾਈ ਦਿੰਦੀ ਹੈ। 'ਪਰੱਤਖ' ਦਾ ਭਾਵ ਦੇਹਧਾਰੀ ਦਰਸਾਉਣ ਵਾਲੇ ਵਿੱਚ ਸਾਰੇ ਅਉਗਣ ਸਮਾਏ ਪਰਤੀਤ ਹੁੰਦੇ ਹਨ। ਗੁਰਬਾਣੀ ਦੇ ਇਹਨਾ ਫੁਰਮਾਨਾਂ ਦਾ ਅਰਥ ਆਪਣੇ ਮਤਲਬ ਲਈ ਕਰਨਾ ਤੇ ਸਾਧਾਰਨ ਲੋਕਾਂ ਨੂੰ ਮੂਰਖ ਬਣਾਉਣਾ ਉਨਾਂ ਲਈ ਬਹੁਤ ਸੌਖਾ ਹੈ :-

(1) ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ॥
ਨਾਨਕ ਭਾਗ ਭਲੇ ਤਿਸੁ ਜਨ ਕੇ
ਜੋ ਹਰਿ ਚਰਣੀ ਚਿਤੁ ਲਾਵੈ॥ (੧੨੬੪)

(2) ਹੋਦੇ ਪਰਤਖਿ ਗੁਰੂ ਜੋ ਵਿਛੁੜੇ
ਤਿਨ ਕਉ ਦਰਿ ਢੋਈ ਨਾਹੀਂ॥
ਕੋਈ ਜਾਇ ਮਿਲੈ ਤਿਨ ਨਿੰਦਕਾ
ਮੁਹ ਫਿਕੇ ਥੁਕ ਮੁਹਿ ਪਾਹੀ ॥ (੩੦੮)

ਵਿਸਥਾਰ ਵਿੱਚ ਜਾਣ ਦੀ ਏਥੇ ਗੁੰਜਾਇਸ਼ ਨਹੀਂ, ਏਨਾ ਕਹਿਣਾ ਹੀ ਉਚਿੱਤ ਹੈ ਕਿ ਪਰਤੱਖਿ ਦਾ ਅਰਥ "ਜ਼ਾਹਿਰਾ ਤੌਰ ਤੇ " ਹੀ ਢੁੱਕਦਾ ਹੈ ਤੇ ਅਗਿਆਨੀਆਂ ਤੇ ਚਾਲਾਕ ਬੰਦਿਆਂ ਨੂੰ ਗੁਰਬਾਣੀ ਵਿਆਕਰਣ ਦੀ ਕੋਈ ਸਾਰ ਨਹੀਂ। ਉਹ ਇਹ ਸਮਝਣ ਦੀ ਖੇਚਲ ਨਹੀਂ ਕਰਦੇ ਕਿ ਪਰਤਖਿ ਵਿਸ਼ੇਸ਼ਣ ਹੈ। 'ਬਾਣੀ ਗੁਰੂ ਗੁਰੂ ਹੈ ਬਾਣੀ' ਨੂੰ ਨਜ਼ਰ ਅੰਦਾਜ਼ ਕਰਨਾ ਤੇ 'ਪਰਤਖਿ ਗੁਰੂ ਨਿਸਤਾਰੇ " ਨੂੰ ਗਲਤ ਅਰਥਾਂ ਵਿਚ ਪੇਸ਼ ਕਰਨਾ ਨਾ ਹੀ ਵਿਦੱਵਤਾ ਦਾ ਪ੍ਰਗਟਾਵਾ ਹੈ, ਨਾ ਹੀ ਨੇਕ ਨੀਅਤੀ ਦਾ ਸਬੂਤ ਹੈ।

ਇੱਕ ਭੈੜਾ ਸਮਾਂ ਸੀ, ਸਮੁੱਚਾ ਦੇਸ਼ ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਜਕੜਿਆ ਸੀ। ਗੁਰੂਡੰਮ ਦੇ ਸਾਰੇ ਅੱਡੇ ਮੈਦਾਨ ਛੱਡ ਕੇ ਭੱਜ ਗਏ, ਜਾ ਖ਼ਤਮ ਹੋ ਗਏ, ਜਾਂ ਅਲੋਪ ਹੋ ਗਏ। ਹੁਣ ਆਪਣਾ ਦੇਸ਼ ਸੁਤੰਤਰ ਹੈ ਤੇ ਗੁਰੂਡੰਮ ਦੇ ਅੱਡੇ, ਬਰਸਾਤ ਦੀਆਂ ਖੁੰਭਾਂ ਵਾਂਗਰ ਉੱਗ ਰਹੇ ਹਨ। ਵੋਟਾਂ ਖਾਤਰ ਹਕੂਮਤ ਦੀ ਸ਼ਹਿ ਹੈ ਇਉਂ ਦੋਹਾਂ ਵਰਗਾਂ ਦਾ ਆਪਣਾ ਸੁਆਰਥ ਬਿਨਾ ਰੋਕ ਟੋਕ ਪੂਰਾ ਹੁੰਦਾ ਹੈ। ਬੇਸ਼ਕ ਇਨਾਂ ਅੱਡਿਆਂ ਦੇ ਆਪਣੇ-ਆਪਣੇ ਰਾਹ ਹਨ ਤੇ ਕਈ ਬਿੰਦੂਆਂ ਤੇ ਇਨਾਂ ਦੇ ਮੱਤ-ਭੇਦ ਭੀ ਹਨ, ਫਿਰ ਵੀ ਕਈ ਤੱਤ ਇਨਾਂ ਵਿੱਚ ਸਾਂਝੇ ਹਨ। ਦੇਹ-ਧਾਰੀ ਗੁਰੂਆਂ


www.AKJ.Org

ਦੀ ਪਰੰਪਰਾ, ਸ਼ਬਦ ਗੁਰੂ ਦੀ ਵਿਰੋਧਤਾ, ਵਰਤਮਾਨ ਹਕੂਮਤ ( ਚਾਹੇ ਕੋਈ ਭੀ ਹੋ) ਦਾ ਥਾਪੜਾ ਤੇ ਰਾਜਨੀਤੀ ਨਾਲ ਸਹਿਯੋਗ ਆਦਿ ਮੁੱਖ ਅੰਗ ਹਨ।

ਇਹਨਾਂ ਦੀ ਖਾਮੋਸ਼ੀ, ਝੂਠੀ ਸਹਿਨਸ਼ੀਲਤਾ ਤੇ ਮੌਕਾ ਪ੍ਰਸਤੀ ਨੇ ਇਹਨਾਂ ਦੇ ਮਨ ਵਿੱਚ ਏਨੀ ਨਿਰਬਲਤਾ ਤੇ ਬੁਜ਼ਦਿਲੀ ਭਰ ਦਿੱਤੀ ਹੈ ਕਿ ਬੇਇਨਸਾਫੀ ਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣਾ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ ਤੇ ਜਦ ਭੀ ਭਾਣੇ ਅੰਦਰ ਪ੍ਰੀਖਿਆ ਦੀ ਘੜੀ ਆਵੇਗੀ ਤੇ ਕਈ ਵਰਗ ਇਮਤਹਾਨ ਵਿੱਚ ਬੈਠਣ ਤੋਂ ਪਹਿਲਾਂ ਹੀ ਰੂਪੋਸ਼ ਹੋ ਜਾਣਗੇ।

ਅਸੀਂ ਵਿਵੇਕ ਦਾਨ ਦੀ ਜਾਚਨਾ ਇਸ ਲਈ ਕਰਦੇ ਹਾਂ ਕਿ ਸਾਨੂੰ ਚੰਗੇ-ਮਾੜੇ, ਪੁੰਨ-ਪਾਪ, ਯੋਗ-ਅਯੋਗ, ਅਪਣੇ-ਬਿਗਾਨੇ, ਸੱਤ-ਅਸੱਤ, ਸਹੀ-ਗਲਤ ਦਾ ਗਿਆਨ ਹੋਵੇ ਤੇ ਸਤਿਗੁਰੂ ਦੇ ਫੁਰਮਾਨ ਦੀ ਘਾਲਣਾ ਸਹੀ ਅਰਥਾਂ ਵਿਚ ਕਰ ਸਕੀਏ। ਗੁਰਬਾਣੀ ਚਾਨਣ ਹੈ-ਗਿਆਨ ਤੇ ਵਿਵੇਕ ਦਾ, ਜਿਸ ਦੀ ਰੌਸ਼ਨੀ ਵਿਚ ਸੱਚੇ ਦਰਬਾਰ ਵਿੱਚ ਸਹਜੇ ਹੀ ਉੱਜਲਾ ਮੁੱਖ ਲੈਕੇ ਜਾਣਾ ਸੰਭਵ ਹੈ।

(1) ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ।
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ।। (੧੪੨੨)

ਇਸ ਦੇ ਵਿਪਰੀਤ ਜਿਨਾਂ ਦਾ ਗੁਰਦੇਵ ਜੀ ਦੇ ਫੁਰਮਾਨ ਤੇ ਵਿਸ਼ਵਾਸ਼ ਨਹੀਂ, ਉਹਨਾਂ ਦੇ ਹਿਰਦੇ ਵਿਚ ਸ਼ਬਦ ਦਾ ਪ੍ਰਕਾਸ਼ ਨਹੀਂ ਹੁੰਦਾ।

ਮਨਮੁਖ ਬੋਲੇ ਅੰਧੁਲੇ ਤਿਸ ਮਹਿ ਅਗਨੀ ਕਾ ਵਾਸੁ।।
ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ।।
ਓਨ੍ਹਾ ਆਪਣੀ ਅੰਦਰਿ ਸੁਧਿ ਨਹੀਂ,
ਗੁਰ ਬਚਨਿ ਨ ਕਰਹਿ ਵਿਸਾਸੁ।। (੧੪੧੫)

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਵਿਚ ਵਾਹਦ ਗੁਰੂ ਹਨ ਜਿਹੜੇ ਸਬਦ ਗੁਰੂ ਦੀ ਮਹਿਮਾ ਦ੍ਰਿੜਾਉਂਦੇ ਤੇ ਝੂਠੇ ਗੁਰੂਡੰਮ ਦੀ ਪੋਲ ਖੋਲਦੇ ਹਨ। ਪਾਖੰਡੀਆਂ ਤੇ ਮਤਲਬ ਪ੍ਰਸਤਾਂ ਨੇ ਤਾਂ ਵਿਰੋਧ ਕਰਨਾ ਹੈ ਹੋਰ ਕੀ ਕਰਨ ? ਇਸ ਕਰਕੇ ਸਿੱਖਾਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਵਾਤਾਵਰਨ ਇਨ੍ਹਾਂ ਦੇ ਅਨਕੂਲ ਹੋਣ ਕਰਕੇ ਕੱਚੇ ਗੁਰੂਆਂ ਦੀ ਸੰਖਿਆਂ ਵਧਦੀ ਜਾ ਰਹੀ ਹੈ। ਬੇਸ਼ਕ ਗੁਰਸਿੱਖ ਆਪ ਇਨ੍ਹਾਂ ਦੇ ਚੰਗਲ ਵਿੱਚ ਨਹੀਂ ਫਸਦਾ ਪਰ ਜਦ ਇਨ੍ਹਾਂ ਦੇ ਝੂਠੇ ਸਿੱਕੇ ਚੱਲਦੇ ਹਨ ਤਾਂ ਸੱਚ ਦੇ ਪ੍ਰਕਾਸ਼ ਅੱਗੇ ਰੁਕਾਵਟ ਬਣਦੇ ਹਨ।

ਦਸ ਗੁਰੂ ਸਾਹਿਬਾਨ ਜਦ ਸਰੀਰਕ ਜਾਮੇ ਵਿਚ ਸਨ ਤਾਂ ਉਹ ਆਪਣੇ ਨਾਲੋਂ ਗੁਰਬਾਣੀ ਦਾ ਸਤਿਕਾਰ ਵਧੇਰੇ ਕਰਦੇ ਸਨ ਤੇ ਕਰਾਉਂਦੇ ਸਨ। ਸਰਗੁਣ ਸਰੂਪ ਵਿਚ ਹੁੰਦਿਆ ਹੋਇਆ ਵੀ ਉਨ੍ਹਾਂ ਨੇ ਦੇਹ-ਧਾਰੀ ਗੁਰੂ ਦੀ ਅਹਿਮੀਅਤ ਨੂੰ ਸਬਦ ਗੁਰੂ ਦੀ ਵਡਿਆਈ ਤੋਂ ਜ਼ਿਆਦਾ ਨਹੀਂ ਹੋਣ ਦਿੱਤਾ। ਫਿਰ ਇਹ ਭੀ ਸਪਸ਼ਟ ਕਰ ਦਿੱਤਾ ਕਿ ਗੁਰਬਾਣੀ ਦਾ ਸਰੋਤ ਮਨੁਖੀ ਸਰੀਰ ਨਹੀਂ ਅਰਸ਼ੀ ਜੋਤ ਹੈ। ਗੁਰੂ ਨਾਨਕ ਨਿਰੰਕਾਰੀ ਨੇ ਇਸ ਨੂੰ ਆਪਣੀ ਬਾਣੀ ਨਹੀਂ, ਖਸਮ ਦੀ ਬਾਣੀ ਕਹਿ ਕੇ ਸਤਿਕਾਰਿਆ ਹੈ। ਭਾਈ ਲਾਲੋ ਨੂੰ ਮੁਖਾਤਬ ਕਰ ਕੇ ਇਉਂ ਫੁਰਮਾਇਆ ਸੀ; *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।।*

ਦੇਹਧਾਰੀ ਗੁਰੂਆਂ ਦੀ ਦਲੀਲ ਅਨੁਸਾਰ ਗੁਰੂ ਉਹ ਹੋਣਾ ਚਾਹੀਦਾ ਹੈ ਜਿਹੜਾ ਬੋਲ ਸਕੇ ਤੇ ਸ਼ੰਕਾ ਨਵਿਰਤ ਕਰ ਸਕੇ। ਦੂਰ ਦਰਸ਼ੀ ਦਸਮੇਸ਼ ਪਿਤਾ ਨੇ ਇਨ੍ਹਾਂ ਦਲੀਲਾਂ ਦਾ ਖੰਡਨ ਅਮਲੀ ਤੌਰ ਤੇ ਕੀਤਾ ਸੀ ਜਦ ਪੰਜਾਂ ਪਿਆਰਿਆਂ ਨੂੰ ਗੁਰਮੰਤਰ ਦੇਣ ਦਾ ਅਧਿਕਾਰ ਦਿੱਤਾ ਸੀ, ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ। ਬਾਕੀ ਸ਼ੰਕਾ ਦੂਰ ਕਰਨ ਲਈ ਗੁਰਬਾਣੀ ਦੇ ਬਚਨ ਹੀਰਾ, ਮੋਤੀ ਤੇ ਜਵਾਹਰ ਹਨ ਜਿਨ੍ਹਾਂ ਦੀ ਓਟ ਇਹ ਕੱਚੇ ਗੁਰੂ ਵੀ ਲੈਂਦੇ ਹਨ।

ਕਿਸੇ ਵੀ ਗੁਰਫੁਰਮਾਨ ਗੁਰ ਸਾਖੀ ਜਾਂ ਪਰੰਪਰਾ ਤੋਂ ਸਿੱਧ ਨਹੀਂ ਹੁੰਦਾ ਕਿ ਗੁਰਮੰਤਰ, ਗੁਪਤ ਹੈ ਤੇ ਕੰਨ ਵਿੱਚ ਗੁਪਤ ਰੂਪ ਵਿੱਚ ਦੇਣਾ ਹੈ। ਭਾਈ ਸਾਹਿਬ ਭਾਈ ਗੁਰਦਾਸ ਦੇ ਬਚਨ "ਵਾਹਿਗੁਰੂ ਗੁਰਸਬਦ ਸੁਣਾਇਆ" ਸੂਰਜ ਦੀ ਰੌਸ਼ਨੀ ਵਾਂਗਰ ਪ੍ਰਗਟ ਹਨ, ਗੁੱਝੇ ਨਹੀਂ। 'ਮੰਤ੍ਰ ਦੀਓ ਹਰਿ ਕਾਨ' ਦਾ ਅਸਲੀ ਭਾਵ ਇਹ ਹੈ, ਕਿ ਗੁਰਦੇਵ ਜੀ ਨੇ ਆਪਣੀ ਰਸਨਾ ਦੁਆਰਾ ਜਿਹੜਾ ਗੁਰਸਬਦ ਜਾਂ ਗੁਰਮੰਤਰ ਉਚਾਰਿਆ, ਉਸ ਨੂੰ ਸੁਨਣ ਦਾ ਸਾਧਨ ਕੇਵਲ ਕੰਨ ਹੀ ਹੈ। ਗਿਆਨ ਪ੍ਰਾਪਤ ਕਰਨ ਵਾਲੇ ਇੰਦ੍ਰਿਆਂ ਵਿੱਚੋਂ ਕੰਨ ਹੀ ਇਸ ਯੋਗ ਹੈ ਜਿਹੜਾ ਗੁਰਸਬਦ ਦੀ ਧੁਨੀ ਤੇ ਇਸ ਦੇ ਗਿਆਨ ਨੂੰ ਹਿਰਦੇ ਵਿੱਚ ਵਸਾ ਸਕੇ।

ਦੇਹਧਾਰੀ ਗੁਰੂ ਦੀ ਹਸਤੀ ਸਥਾਈ ਨਹੀਂ ਕਿਉਂਕਿ ਸਰੀਰ ਤਾਂ ਮਿੱਟੀ ਹੈ। ਇੱਕ ਮਰਦਾ ਹੈ ਦੂਸਰਾ ਉਸ ਦਾ ਸਥਾਨ ਸੰਭਾਲਦਾ ਹੈ। ਆਪ ਨਹੀਂ ਰਹਿੰਦਾ, ਉਸ ਦੇ ਬਚਨ ਕਾਇਮ ਰਹਿੰਦੇ ਹਨ, ਚਾਹੇ ਚੰਗੇ ਹਨ ਜਾਂ ਮਾੜੇ। ਗੁਰਬਾਣੀ ਦੇ ਅਰਥ ਕਰਨ ਵਾਲਾ, ਵਿਆਖਿਆ ਕਰਨ ਵਾਲਾ ਗੁਰ

(ਬਾਕੀ ਪੰਨਾ ੧੪ ਤੇ )



www.AKJ.Org

## ਗੁਤਾਂ ਨੂੰ ਛਡੋ ਭੈਣੋ ਬੰਨ੍ਹੋ ਦਸਤਾਰ ਨੂੰ।।

(ਪ੍ਰਭਦਿਆਲ ਸਿੰਘ)

ਸਾਬਤ ਹੀ ਸੂਰਤ ਭੈਣੋ ਭਾਵੇ ਕਰਤਾਰ ਨੂੰ।।
ਲਾਹੋ ਪਰਾਂਦਾ ਸਿਰ ਤੋਂ ਗੰਦੇ ਇਸ ਭਾਰ ਨੂੰ।।
ਸੀਸ ਤੇ ਕੇਸ ਇਹ ਤਾਂ ਰਬ ਦੀ ਸੁਗਾਤ ਏ।।
ਦਸਤਾਰ ਦਾ ਫੈਸ਼ਨ ਭੈਣੋ. ਬਖਸ਼ੀ ਇਹ ਦਾਤ ਏ।।
ਛੱਡੋ ਇਹ ਮੇਕ-ਅਪ ਕਰਨਾ ਭੈਣੋ ਰਿਵਾਜ ਨੂੰ।।
ਗੁੱਤਾਂ ਨੂੰ ਛੱਡੋ ਭੈਣੋ ਬੰਨ੍ਹੋ ਦਸਤਾਰ ਨੂੰ।।
ਅੰਮ੍ਰਿਤ ਦਾ ਵੇਲਾ ਭੈਣੋ ਦਾਤਾਰ ਦੀ ਯਾਦ ਦਾ।।
ਨਿਤਨੇਮ ਤੇ ਸੰਗਤ ਕਰਨੀ ਰੋਜ਼ ਅਰਦਾਸ ਦਾ।।
ਗੁਰਮੁਖ ਦਾ ਸੰਗ ਮੰਗਣਾ ਮਨਮੁਖ ਦੇ ਤਿਆਗ ਦਾ।।
ਪੜ੍ਹਨਾ ਗੁਰਮਤਿ ਦਾ ਪ੍ਰਾਠ ਨਾਲੇ ਇਤਿਹਾਸ ਦਾ।।
ਬਾਣੀ ਸਮਝ ਕੇ ਪੜ੍ਹਨੀ ਦਸੱਣਾ ਸੰਸਾਰ ਨੂੰ।।
ਗੁੱਤਾਂ ਨੂੰ ਛੱਡੋ ਭੈਣੋ-ਬੰਨ੍ਹੋ ਦਸਤਾਰ ਨੂੰ।।
ਪੜ੍ਹਕੇ ਗੁਰਬਾਣੀ ਨੂੰ ਅਮਲ ਵਿਚ ਲਿਆਣਾ ਏ।।
ਰਹਿਤ ਵਿਚ ਰਹਿ ਕੇ ਅਸੀਂ ਖਾਲਸਾ ਬਣ ਜਾਣਾ ਏ।।
ਗੁਰੂ ਦਾ ਹੁਕਮ ਮੰਨ ਕੇ ਸਤਿਗੁਰੂ ਨੂੰ ਭਾਣਾ ਏ।।
ਪੰਥ ਵਿਚ ਰਹਿ ਕੇ ਸੱਚੇ, ਤੇ ਸੱਚ ਕਮਾਣਾ ਏ।।
ਭੁਲਣਾ ਨਹੀ ਰਹਿਰਾਸ ਤੇ, ਸੋਹਿਲੇ ਦੇ ਪਾਠ ਨੂੰ।।
ਗੁੱਤਾਂ ਨੂੰ ਛੱਡੋ ਭੈਣੋ ਬੰਨ੍ਹੋ ਦਸਤਾਰ ਨੂੰ।।
ਅੰਮ੍ਰਿਤ ਦੇ ਧਾਰੀ ਬਣਕੇ, ਸਭ ਨੂੰ ਬਨਾਣਾ ਏ।।
ਕਰਨਾ ਪ੍ਰਚਾਰ ਸਦਾ ਤੇ ਅੰਮ੍ਰਿਤ ਛਕਾਣਾ ਏ।।
ਹਰ ਇਕ ਗੁਰਦੁਆਰੇ ਅੰਦਰ ਗੁਰਮਤਿ ਪੜ੍ਹਾਣਾ ਏ।।
ਹਰ ਘਰ 'ਚ ਬੇਨਤੀ ਕਰਨੀ ਸੰਗਤ'ਚ ਜਾਣਾ ਏ।।
ਛੱਡੋ ਨਾ ਸੇਵਾ ਸੱਚੀ ਹੁਕਮ ਕਮਾਣ ਨੂੰ।।
ਛੱਡੋ ਹੁਣ ਗੁੱਤਾਂ ਨੂੰ ਬੰਨ੍ਹੋ ਦਸਤਾਰ ਨੂੰ।।
ਗੁਰਮਤਿ ਦੀ ਸਿਖਿਆ ਲੈ ਲਓ, ਗੁੱਤਾਂ ਦੀ ਲੋੜ ਨਹੀਂ।।
ਦਸਤਾਰ ਜੇ ਬੰਨ੍ਹੀ ਭੈਣੋ, ਟੋਪਾਂ ਦੀ ਲੋੜ ਨਹੀਂ।।
ਚਲਾਣੀ ਜੇ ਮੋਪਿਡ ਸਕੂਟਰ, ਪੁਛਣ ਦੀ ਲੋੜ ਨਹੀਂ।।
ਕੋਠੀਆਂ ਕਾਰਾਂ ਦੀ ਅਜ ਤੁਹਾਨੂੰ ਕੋਈ ਥੋੜ ਨਹੀਂ।।
ਦਾਤੇ ਤੋਂ ਤੋੜੇ ਦਾਤ ਜੇ ਛੱਡੋ ਉਸ ਕਾਰ ਨੂੰ।।
ਛੱਡੋ ਹੁਣ ਗੁੱਤਾਂ ਨੂੰ ਬੰਨ੍ਹੋ ਦਸਤਾਰ ਨੂੰ।।
ਖਾਲਸਾ ਤੁਸੀ ਵੀ ਭੈਣੋ, ਪੁਰਸ਼ ਜਰੂਰ ਨਹੀ।।
ਰਹਿਤ ਜੋ ਸਿਖ ਨਹੀਂ ਰਖਦਾ, ਗੁਰੂ ਨੂੰ ਮਨਜੂਰ ਨਹੀਂ।।
ਰਹਿਣੀ 'ਚ ਸਿਖ ਜੋ ਰਹਿੰਦਾ ਗੁਰੂ ਦੇ ਹਜੂਰ ਉਹ।।
ਅੰਮ੍ਰਿਤ ਦੀ ਦਾਤ ਪ੍ਰਾਪਤ ਕਰੇ ਜਰੂਰ ਉਹ।।
ਕਰਨੀ ਜੋ ਗੁਰੂ ਨੇ ਕੀਤੀ ਹੁਣ ਜੋੜੇ ਸਿਰਦਾਰ ਨੂੰ।।
ਗੁੱਤਾਂ ਨੂੰ ਛੱਡੋ ਭੈਣੋ ਬੰਨ੍ਹੋ ਦਸਤਾਰ ਨੂੰ।।
ਬੱਚੇ ਨੀਹਾਂ 'ਚ ਚਿੱਣਤੇ ਵਜ਼ੀਰੇ ਹਤਿਆਰੇ ਨੇ।।
ਅੰਮ੍ਰਿਤ ਸੀ ਪੀਤਾ 'ਬੰਦੇ' ਜ਼ਾਲਮ ਲਲਕਾਰੇ ਨੇ।।
ਸਰਹੰਦ ਦੀ ਇਟ ਖੜਕਾ ਤੀ 'ਬੰਦੇ' ਪਿਆਰੇ ਨੇ।।
ਜ਼ਾਲਮ ਦਾ ਨਾਸ਼ ਹੈ ਕੀਤਾ ਪੰਥ ਪਿਆਰੇ ਨੇ।।
ਹੁਕਮ ਗੁਰੂ ਦਾ ਮੰਨ ਕੇ ਨਾ ਭੁਲੋ ਉਪਕਾਰ ਨੂੰ।।
ਛੱਡੋ ਹੁਣ ਗੁੱਤਾਂ ਨੂੰ ਭੈਣੋ ਬੰਨ੍ਹੋ ਦਸਤਾਰ ਨੂੰ।।
ਰਖਣਾ. ਹੁਣ ਯਾਦ ਸਦਾ, ਦਿਆਲੂ ਦਾਤਾਰ ਨੂੰ।।
ਪਛਾਣੋ ਹੁਣ ਫਰਜ਼ ਆਪਣਾ, ਤਿਆਗੋ ਅਹੰਕਾਰ ਨੂੰ।।
ਗੁੱਤਾਂ ਨੂੰ ਛੱਡੋ ਭੈਣੋ ਬੰਨ੍ਹੋ ਦਸਤਾਰ ਨੂੰ।।
ਗੁੱਤਾਂ ਨੂੰ ਛੱਡੋ ਭੈਣੋ ਬੰਨ੍ਹੋ ਦਸਤਾਰ ਨੂੰ।।

(ਪੰਨਾ ੧੩ ਦਾ ਬਾਕੀ....)

ਕਿਵੇਂ ਅਖਵਾ ਸਕਦਾ ਹੈ ? ਉਹ ਤਾਂ ਸਾਧਾਰਨ ਪੜ੍ਹੇ ਹੋਏ ਇਨਸਾਨ ਸਮਾਨ ਹੈ ਜਿਹੜਾ ਕਿਸੀ ਇਸਤ੍ਰੀ ਨੂੰ ਉਸ. ਦੇ ਪਤੀ ਤੋਂ ਆਈ ਹੋਈ ਚਿੱਠੀ ਨੂੰ ਪੜ੍ਹ ਕੇ ਸੁਣਾਉਂਦਾ ਹੈ। ਪਰ ਗੁਰਸਿਖਾਂ ਦਾ ਗੁਰੂ ਦਾ ਗੁਰੂ ਅਬਿਨਾਸ਼ੀ ਹੈ, ਕਣ ਕਣ ਵਿੱਚ ਹੈ ਤੇ ਜਨਮ ਮਰਣ ਦੇ ਗੇੜ ਤੋਂ ਨਿਰਲੇਪ ਹੈ। ਪਾਵਨ ਹੁਕਮ ਹੈ :-

ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨਾ ਜਾਇ।। ਓਹੁ ਅਬਿਨਾਸ਼ੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।।੧੩।।

ਰਾਗੁ ਸੂਹੀ ਮਹਲਾ ੪-(੭੫੮-੫੯)

ਅੰਤ ਵਿੱਚ ਇਸ ਠੋਸ ਇਤਿਹਾਸਕ ਸਚਾਈ ਦਾ ਵਰਨਣ ਵੀ ਜ਼ਰੂਰੀ ਭਾਸਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈਕੇ ਖਾਲਸਾ ਰਾਜ ਦੇ ਆਰੰਭ ਦਾ ਸਮਾਂ ਖਾਲਸੇ ਲਈ ਬੇਅੰਤ ਕਸ਼ਟਾਂ ਰੁਕਾਵਟਾਂ, ਮੁਸੀਬਤਾਂ ਤੇ ਸ਼ਹਾਦਤਾਂ ਭਰਿਆ ਸੀ।

ਪੰਜਾਬ ਦਾ ਮੈਦਾਨੀ ਇਲਾਕਾ ਪਖੰਡੀ ਗੁਰੂਆਂ, ਸਾਧਾਂ, ਦੇਵੀ ਦੇਵਤਿਆਂ ਦੇ ਅੱਡਿਆਂ ਤੋਂ ਖਾਲੀ ਹੋ ਗਿਆ। ਕਿਸੇ ਵੀ ਦੇਹਧਾਰੀ ਗੁਰੂ ਨੇ ਮਜ਼ਲੂਮਾਂ ਦੀ ਬਾਂਹ ਫੜਨ ਦਾ ਹੀਆ ਨ ਕੀਤਾ। ਇਸ ਦੇ ਟਾਕਰੇ ਵਿੱਚ ਖਾਲਸੇ ਨੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਅਗਵਾਈ ਪਰਵਾਨ ਕੀਤੀ ਤੇ ਉਹ ਕਾਰਨਾਮੇ ਕਰ ਵਿਖਾਏ ਜਿਸ ਦਾ ਦੇਹਧਾਰੀ ਗੁਰੂ ਜਾਂ ਆਗੂ ਸੁਪਨਾ ਭੀ ਨਹੀਂ ਲੈ ਸਕਦਾ ਸੀ। ਖਾਲਸੇ ਨੇ ਆਪਣਾ ਸਿਰ,ਤਨ ਮਨ ਧਨ ਸਭ ਕਿਛੁ ਸਤਿਗੁਰੂ ਨੂੰ ਸੌਂਪਿਆਂ ਸੀ। ਇਹ ਉਸਦਾ ਹੀ ਕੰਮ ਸੀ ਕਿ ਬੇਅੰਤ ਤਸੀਹੇ ਝੱਲੇ, ਸ਼ਹਾਦਤਾਂ ਪਾਈਆਂ ਪਰ ਮਨ ਨੂੰ ਚੜ੍ਹਦੀ ਕਲਾ ਵਿੱਚ ਰੱਖਿਆ ਤੇ ਡੋਲਣ ਨਹੀਂ ਦਿੱਤਾ। ਇਉਂ ਖਾਲਸਾ ਪੰਥ ਮੁਗਲ ਹਕੂਮਤ ਦੀਆਂ ਜੜ੍ਹਾਂ ਪੁੱਟ ਕੇ ਸਰਬ-ਸਾਂਝਾਂ ਅਦਰਸ਼ਕ ਖਾਲਸਾ ਰਾਜ ਸਥਾਪਤ ਕਰਨ ਵਿੱਚ ਕਾਮਯਾਬ ਹੋ ਗਿਆ।



www.AKJ.Org

# ਆਓ ! ਵਿਰਸੇ ਨੂੰ ਸੰਭਾਲੀਏ

(ਡਾ: ਕੁਲਦੀਪ ਕੌਰ)

ਅੱਜ ਸਿੱਖੀ ਨੂੰ ਲੱਗੀ ਢਾਹ ਬਾਰੇ ਗੱਲਾਂ ਆਮ ਹੁੰਦੀਆਂ ਹਨ। ਆਓ ! ਸਮਝਣ ਦਾ ਯਤਨ ਕਰੀਏ ਕਿ ਢਾਹ ਕਿਸ ਨੂੰ ਕਦੋਂ ਤੇ ਕਿਵੇਂ ਲਗਦੀ ਹੈ। ਤੂਫ਼ਾਨ ਆਉਂਦੇ ਹਨ। ਝੱਖੜ ਝੁੱਲਦੇ ਹਨ। ਹਨੇਰੀਆਂ ਵਗਦੀਆਂ ਹਨ। ਕਾਲੇ ਸ਼ਾਹ ਬਦੱਲ ਵਰ੍ਹਦੇ ਹਨ ਤਾਂ ਪਰਲੋ ਆਈ ਪ੍ਰਤੀਤ ਹੁੰਦੀ ਹੈ। ਸਭ ਥਾਂ ਜਲ ਥਲ ਹੋ ਜਾਂਦੀ ਹੈ। ਕੁਦਰਤ ਦੀ ਇਸ ਕਰੋਪੀ ਨਾਲ ਨੀਵੀਂ ਸਤਹ ਤੇ ਰਹਿਣ ਵਾਲਿਆਂ ਦੀ ਦਸ਼ਾ ਦਾ ਅਨੁਮਾਨ ਲਾਉਣਾ ਔਖਾ ਨਹੀਂ। ਕੱਚੀਆਂ ਨੀਹਾਂ ਉਤੇ ਉਸਰੇ ਮਕਾਨ ਕਬਰਾਂ ਦਾ ਰੂਪ ਧਾਰ ਲੈਂਦੇ ਹਨ। ਕਈ ਵਾਰੀ ਤਿੜਕੀਆਂ ਹੋਈਆਂ ਪਥਰੀਲੀਆਂ ਚਟਾਨਾਂ ਵੀ ਇਸ ਕਹਿਰ ਤੋਂ ਬਚ ਨਹੀਂ ਸਕਦੀਆਂ। ਇਨ੍ਹਾਂ ਕੁਦਰਤੀ ਤੂਫ਼ਾਨਾਂ ਦਾ ਸਥਿਰ ਖੜ੍ਹੇ, ਤਰੇੜਾਂ ਰਹਿਤ ਪਹਾੜਾਂ ਉਤੇ ਕੋਈ ਅਸਰ ਨਹੀਂ ਹੁੰਦਾ। ਬੋਹੜ ਦਾ ਬ੍ਰਿਛ ਵੀ ਆਪਣੇ ਭਰਵੇਂ ਤਣਿਆਂ ਅਤੇ ਡੂੰਘੀਆਂ ਜੜ੍ਹਾਂ ਦੇ ਸਹਾਰੇ ਨਾ ਕੇਵਲ ਆਪਣਾ ਹੀ ਬਚਾ ਕਰਦਾ ਹੈ ਸਗੋਂ ਆਪਣੀ ਸ਼ਰਨ ਵਿਚ ਆਏ ਜੀਵਾਂ ਜੰਤੂਆਂ ਨੂੰ ਆਪਣੀਆਂ ਬਲਵਾਨ ਸ਼ਾਖਾਂ ਤੇ ਪੱਤਿਆਂ ਵਿਚ ਸ਼ਰਨ ਦੇ ਕੇ ਸੁਰੱਖਿਅਤ ਰੱਖਦਾ ਹੈ। ਕੁਦਰਤ ਦੇ ਕਾਰਨਾਮਿਆਂ ਨੂੰ ਵੇਖ ਕੇ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਕੌਮਾਂ ਨੂੰ ਕਿਉਂ, ਕਦੋਂ ਤੇ ਕਿਵੇਂ ਢਾਹ ਲੱਗਦੀ ਹੈ। ਫਿਰ ਬਚਾਉ ਦੇ ਸਾਧਨ ਵੀ ਸਮਝ ਆ ਜਾਣਗੇ।

ਧਰਤੀ ਉਤੇ ਵਿਛੇ ਘਾਹ ਨੂੰ ਹੜ੍ਹ ਦਾ ਪਾਣੀ ਆਪਣੇ ਵਿਚ ਰੋੜ੍ਹ ਕੇ ਨਹੀਂ ਲਿਜਾ ਸਕਦਾ। ਉਹ ਆਪਾ ਵਿਛਾ ਕੇ ਆਪਣਾ ਬਚਾਉ ਕਰ ਲੈਂਦਾ ਹੈ। ਹੜ੍ਹ ਦੀ ਕਰੋਪੀ ਘਟ ਜਾਣ ਪਿਛੋਂ ਉਹ ਫਿਰ ਸਿਰ ਚੁੱਕ ਲੈਂਦਾ ਹੈ ਅਤੇ ਪਹਿਲਾਂ ਨਾਲੋਂ ਵੀ ਉੱਚਾ ਤੇ ਸੰਘਣਾ ਹੋਇਆ ਦਿਸਦਾ ਹੈ। ਇਹੋ ਅਵਸਥਾ ਕੌਮਾਂ ਦੀ ਹੋਇਆ ਕਰਦੀ ਹੈ। ਇਕ ਉਹ ਕੌਮਾਂ ਹਨ ਜੋ ਜ਼ੁਲਮ ਦੀ ਹਨੇਰੀ ਅੱਗੇ ਆਪਾ ਵਿਛਾ, ਚਰਨ ਦਾਸੀਆਂ ਬਣ, ਆਪਣੇ ਆਪ ਨੂੰ ਜੀਵਿਤ ਰਖਦੀਆਂ ਹਨ। ਸਮੇਂ ਦੇ ਫੇਰ ਨਾਲ, ਜੇ ਆਪ ਸੱਤਾ ਧਾਰੀ ਬਣ ਜਾਣ ਤਾਂ ਫਿਰ ਉਚੀਆਂ ਹੋ ਹੋ ਕੇ ਟੁਰਦੀਆਂ ਹਨ ਅਤੇ ਆਪਣੇ ਤੁਲ ਕਿਸੇ ਨੂੰ ਨਹੀਂ ਸਮਝਦੀਆਂ। ਉੱਚਾ ਹੋ ਕੇ ਟੁਰਨ ਤੋਂ ਭਾਵ ਉੱਚਾ ਕਰਕੇ ਟੁਰਨਾ ਨਹੀਂ, ਕੇਵਲ ਗਰਦਨ ਅਕੜਾ ਕੇ ਟੁਰਨਾ ਹੈ। ਸਿਰ ਝੁਕਦਿਆਂ ਦੇਰ ਨਹੀਂ ਲਗਦੀ । ਸ੍ਵਾਰਥ ਦੀ ਇਕ ਚੋਭ ਹੀ ਸਿਰ ਝੁਕਾ ਦੇਂਦੀ ਹੈ। ਸਿਰ ਝੁਕ ਜਾਵੇ, ਮਾਨ ਅਪਮਾਨ ਦਾ ਅੰਤਰ ਮਿਟ ਜਾਵੇ, ਸਾਹ ਸਤ ਹੀਣ ਹੋਣ ਕਰਕੇ ਆਨ ਤੇ ਮਾਨ ਦੀ ਰੱਖਿਆ ਨਾ ਹੋ ਸਕੇ ਤਾਂ ਕੌਮੀਅਤ ਕਾਹਦੀ ਅਤੇ ਹੋਂਦ ਦੇ ਕੀ ਅਰਥ ? ਹੜ੍ਹ ਦੇ ਵੇਗ ਨਾਲ ਰਸਤਾ ਬਦਲ ਲਿਆ, ਸਿੱਧਾਂਤਕ ਆਧਾਰ ਖ਼ਤਮ ਹੋ ਗਏ। ਸਮੇਂ ਦੇ ਵੇਗ ਨਾਲ ਬਦਲਦੇ ਸਿੱਧਾਂਤਾਂ ਦਾ ਅਰਥ ਹੈ ਸਿੱਧਾਂਤ ਹੀਨਤਾ। ਸਿੱਧਾਂਤਹੀਨ ਮਨੁੱਖ ਦਾ ਜੀਵਨ ਮੌਤ ਤੋਂ ਵੀ ਬਦਤਰ ਕਿਹਾ ਜਾਂਦਾ ਹੈ ਅਤੇ ਸਿੱਧਾਂਤਹੀਨ ਕੌਮਾਂ ਮੁਰਦਾ ਕੌਮਾਂ ਅਖਵਾਉਂਦੀਆਂ ਹਨ।

ਦੂਜੀਆਂ ਕੌਮਾਂ ਉਹ ਹਨ ਜੋ ਪਹਾੜਾਂ ਵਾਂਗ ਆਪਣੇ ਉਤੇ ਵਾਰ ਸਹਿਕੇ ਸਥਿਰ ਤੇ ਅਡੋਲ ਰਹਿੰਦੀਆਂ ਹਨ । ਇਨ੍ਹਾਂ ਦੀ ਸਥਿਰਤਾ ਹੜ੍ਹਾਂ ਦੇ ਵੇਗ ਬਦਲ ਦੇਂਦੀ ਹੈ। ਧੁਰੇ ਨਾਲ ਜੁੜੇ ਹੋਣ ਕਰਕੇ ਸਥਿਰਤਾ ਇਨ੍ਹਾਂ ਦੀ ਵਿਰਾਸਤ ਹੈ। ਸਿੱਖ ਕੌਮ ਇਕ ਅਜਿਹੀ ਕੌਮ ਹੈ ਜਿਸ ਉਤੇ ਅਨਗਿਣਤ ਝੱਖੜ ਝੁੱਲੇ, ਅਨੇਕਾਂ ਤੂਫ਼ਾਨ ਆਏ, ਬੇਅੰਤ ਬਿਜਲੀਆਂ ਗਿਰੀਆਂ ਪਰ ਇਸ ਨੂੰ ਕੋਈ ਖ਼ਤਮ ਨਹੀਂ ਕਰ ਸਕਿਆ ਅਤੇ ਨਾ ਹੀ ਇਸ ਨੂੰ ਝੁਕਾਉਣ ਦੀ ਕਿਸੇ ਵਿਚ ਸਮਰਥਾ ਹੈ। ਇਹ ਗੁਰੂ ਗੋਬਿੰਦ ਸਿੰਘ ਦਾ ਸਾਜਿਆ ਖ਼ਾਲਸਾ ਪੰਥ ਹੈ, ਅਕਾਲ ਪੁਰਖ ਦੀ ਫ਼ੌਜ ਹੈ। ਇਕ ਇਕ ਸਿੱਖ ਸਵਾ ਲੱਖ ਨਾਲ ਜੂਝਣ ਦੀ ਸਮਰਥਾ ਰੱਖਦਾ ਹੈ। ਇਸ ਨੂੰ ਕੋਈ ਮਾਰ ਨਹੀਂ ਸਕਦਾ ਕਿਉਂਕਿ ਇਹ ਮੌਤ ਨੂੰ ਗਲਵਕੜੀ ਪਾਉਣ ਲਈ ਤਿਆਰ ਹੈ। ਮਰਦਾ ਉਹ ਹੈ ਜੋ ਮੌਤ ਤੋਂ ਡਰਦਾ ਹੈ।

ਸਿੱਖ ਕੌਮ ਨੂੰ ਜਦੋਂ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਜ਼ੁਲਮਾਂ ਦੀ ਚੱਕੀ ਚਲਾਈ ਗਈ ਤਾਂ "ਜਬੈ ਬਾਣ ਲਾਗਿਓ, ਤਬੈ ਰੋਸ ਜਾਗਿਓ" ਦੇ ਸਿੱਧਾਂਤ ਅਨੁਸਾਰ ਸਿੱਖ ਸਿਪਾਹੀ ਵਧੇਰੇ ਸ਼ਕਤੀ ਸ਼ਾਲੀ ਹੋ ਕੇ ਮੁਕਾਬਲੇ ਲਈ ਡਟ ਜਾਂਦੇ ਰਹੇ ਖ਼ਤਮ ਕਰਨ ਵਾਲੇ ਥਕ ਜਾਂਦੇ ਸਨ, ਪਰ ਇਹਨਾਂ ਨੂੰ ਕੌਣ ਮੁਕਾਏ ਮੀਰ ਮੰਨੂ ਵਰਗਿਆਂ ਨੂੰ ਵੀ ਇਹ ਪੁਕਾਰ ਪੁਕਾਰ ਕੇ ਕਹਿੰਦੇ ਰਹੇ :

ਮੰਨੂ ਅਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵੱਢਦਾ, ਅਸੀਂ ਦੂਣ ਸਵਾਏ ਹੋਏ।।

ਇਹ ਇਹਨਾਂ ਦੀ ਖ਼ਾਸੀਅਤ ਹੈ। ਇਨ੍ਹਾਂ ਦਾ ਮੂਲ ਸੁਭਾਉ ਹੈ। ਅੱਜ ਸਭ ਪਾਸਿਓਂ ਸਿੱਖੀ ਲਈ ਖ਼ਤਰੇ ਦੀ ਘੰਟੀ ਸੁਣਾਈ ਦੇ ਰਹੀ ਹੈ। ਪਤਿਤ ਪੁਣੇ ਦੀ ਲਹਿਰ ਦਿਨੋਂ ਦਿਨ ਜ਼ੋਰ ਫੜਦੀ ਜਾ ਰਹੀ ਹੈ। ਬਾਣੀ ਅਤੇ ਬਾਣੇ ਨਾਲੋਂ ਟੁੱਟ ਕੇ ਸਿੱਖੀ ਨੂੰ ਕਰੂਪ ਕੀਤਾ ਜਾ ਰਿਹਾ ਹੈ। ਕਈ ਬਾਣੇ ਵਾਲੇ ਬਾਣੀ ਦੀ ਥਾਂ ਹਉਮੈ ਨਾਲ ਜੁੜੇ ਹੋਣ ਕਰਕੇ, ਬਾਣੇ ਨੂੰ ਬਦਨਾਮ ਕਰ ਰਹੇ ਹਨ। ਭੇਖ, ਪਾਖੰਡ

ਬਾਕੀ ਪੰਨਾ ੩੨ ਤੇ



www.AKJ.Org

# ਖਾਲਸਾ ਪੰਥ ਹੋਸ਼ਿਆਰ ਬਾਸ਼

ਸੂਬੇਦਾਰ ਧਰਮ ਸਿੰਘ ਸੁੱਜੋਂ

ਇਥੇ B.B.C. ਰੇਡੀਓ ਲਿਸਟਰ ਦੇ ਸਹਿਯੋਗ ਦੁਆਰਾ ਦਾਸ ਨੂੰ ਰੇਡੀਓ ਤੋਂ ਧਾਰਮਿਕ ਵਿਚਾਰ ਪੇਸ਼ ਕਰਨ ਦਾ ਅਕਸਰ ਮੌਕਾ ਮਿਲਦਾ ਰਹਿੰਦਾ ਹੈ, ਸਰੋਤੇ, ਆਪਣੇ ਸਵਾਲ ਜਾਂ ਸੁਝਾਓ ਟੈਲੀਫੋਨ ਜਾਂ ਪੱਤਰ ਦੁਆਰਾ ਭੇਜਦੇ ਰਹਿੰਦੇ ਹਨ। ਹੁਣ ਪਿਛਲੇ ਦਿਨ ਦਾਸ ਰੇਡੀਓ ਤੇ ਵਿਚਾਰ ਪੇਸ਼ ਕਰਕੇ ਜਦੋਂ ਹਟਿਆ ਹੀ ਸੀ ਤਾਂ ਕੁਝ ਵੀਰਾਂ ਦੇ ਵਖੋ ਵੱਖ ਸ਼ਹਿਰਾਂ ਤੋਂ ਕੁਝ ਟੈਲੀਫੋਨ ਆਏ ਜਿਨ੍ਹਾਂ ਵਿਚ ਇਕ ਟੈਲੀਫੋਨ ਨੌਟੀਘੰਮ ਤੋਂ ਇਕ ਵੀਰ ਦਾ ਆਇਆ ਜਿਸ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਪਾਠਾਂ ਵਿਚ ਹੋ ਰਹੀਆਂ ਕੁਰੀਤੀਆਂ ਜਾਂ ਮਨਮੱਤਾਂ ਬਾਰੇ ਸੁਚੇਤ ਕਰਨ ਲਈ ਆਪਣੇ ਵਿਚਾਰ ਪੇਸ਼ ਕਰਨ ਦਾ ਸੁਝਾ ਦਿੱਤਾ ਇਸ ਸੰਬੰਧ ਵਿਚ ਦਾਸ ਦੇ ਜੋ ਭੀ ਟੁਟੇ ਫੁਟੇ ਵਿਚਾਰ ਹਨ, ਹੇਠ ਲਿਖੇ ਅਨੁਸਾਰ ਆਪ ਜੀ ਦੀ ਖਿਦਮਤ ਵਿਚ ਪੇਸ਼ ਹਨ।

ਗੁਰਬਾਣੀ ਨੂੰ ਆਮ ਤੌਰ ਤੇ ਕਿਸੀ ਗੁਪਤ ਸ਼ਕਤੀ ਦੀ ਮਾਲਕ ਹੋਣਾ ਮੰਨਦੇ ਹੋਏ ਇਸ ਦੀ ਵਰਤੋਂ ਅਕਸਰ ਇਨ੍ਹਾ ਮੰਤਵਾਂ ਲਈ ਹੁੰਦੀ ਦੇਖਦੇ ਹਾਂ।

1. ਧਾਰਮਿਕ, ਬੌਧਿਕ, ਸਮਾਜਿਕ ਜਾਂ ਰਾਜਨੀਤਕ ਖੇਤਰਾਂ ਵਿਚ ਸੋਧ ਲੈਣ ਲਈ
2. ਕਿਸੀ ਸੰਕਟ ਮਈ ਸਮੇਂ
3. ਨਾਮ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ
4. ਕਿਸੀ ਕਾਰਜ ਦੀ ਸਿਧੀ ਲਈ ਆਦਿ

ਨਾਮ ਅਤੇ ਬਾਣੀ ਦੇ ਸ਼ਬਦਾਂ ਦੀ ਵਰਤੋਂ ਅਕਸਰ ਜੁੜਤ ਸ਼ਬਦ ਦੇ ਰੂਪ ਵਿਚ ਹੁੰਦੀ ਹੈ, ਜਿਵੇਂ ਕਿ ਨਾਮ ਬਾਣੀ ਨਾਲ ਪਿਆਰ ਪਾਓ। ਨਾਮ ਬਾਣੀ ਦਾ ਓਟ ਆਸਰਾ ਲਓ। ਅੰਮ੍ਰਿਤ ਵੇਲੇ ਉਠ ਕੇ ਨਾਮ ਬਾਣੀ ਨਾਲ ਜੁੜੋ ਆਦਿ। ਇਸ ਤੋਂ ਪਰਤੀਤ ਹੁੰਦਾ ਹੈ ਕਿ ਨਾਮ ਅਤੇ ਬਾਣੀ ਦਾ, ਆਪੋ ਵਿਚ ਬਹੁਤ ਨਜ਼ਦੀਕ ਦਾ ਰਿਸ਼ਤਾ ਜਾਂ ਸੰਬੰਧ ਹੈ, ਜੇ ਨਾਮ ਅਤੇ ਬਾਣੀ ਦੇ ਇਸ ਸੰਬੰਧ ਨੂੰ ਸਮਝ ਲਿਆ ਜਾਵੇ ਤਾਂ ਉਪਰ ਦਿਤੇ, ਬਾਣੀ ਦੇ ਮੰਤਵਾਂ ਨੂੰ ਸਮਝਣਾ ਆਸਾਨ ਹੋ ਜਾਵੇਗਾ।

ਗੁਰਬਾਣੀ ਦੇ ਸੰਬੰਧ ਵਿਚ, ਸਮੁੱਚੇ ਪੰਥ ਅੰਦਰ ਇਹ ਸਰਵ ਪਰਮਾਣਤ ਤੱਥ ਹੈ ਕਿ ਗੁਰਬਾਣੀ ਗੁਰੂ ਸਾਹਿਬਾਨ, ਕਿਸੀ ਦੇਵਤੇ ਜਾਂ ਇਨਸਾਨ ਦੀ ਰਚਨਾ ਨਹੀਂ ਹੈ। ਇਹ ਧੁਰ ਕੀ ਜਾਂ ਖਸਮ ਕੀ ਬਾਣੀ ਹੈ। ਇਹ ਨਿਰੰਕਾਰ ਤੋਂ, ਗੁਰੂ ਸਾਹਿਬਾਨ ਭਗਤ ਜਨਾਂ ਜਾਂ ਭੱਟਾਂ ਨੂੰ ਅਵੱਤਰੀ, ਨਾਜ਼ਲ ਜਾਂ ਪ੍ਰਾਪਤ ਹੋਈ, ਅੱਗੇ ਇਨ੍ਹਾਂ ਗੁਰਮੁਖਾਂ ਨੇ, ਬੋਲੀ ਦੇ ਰੂਪ ਵਿਚ ਇਸ ਨੂੰ ਬਿਆਨ ਕੀਤਾ ਜਾਂ ਲਿਖਿਆ। ਚੂੰਕਿ ਇਸ ਤੱਥ ਨੂੰ ਹਰ ਕੋਈ ਠੀਕ ਮੰਨਦਾ ਹੈ, ਇਸ ਤੇ ਕਿਸੀ ਤਰਾਂ ਦਾ ਕੋਈ ਵਿਵਾਦ ਜਾਂ ਇਖਤਲਾਫ ਨਹੀਂ ਹੈ, ਇਸ ਲਈ ਇਸ ਦੇ ਹੋਰ ਵਿਸਥਾਰ ਵਿਚ ਵਿਚਾਰ ਦੀ ਲੋੜ ਨਹੀਂ ਹੈ।

ਨਾਮ ਦੇ ਸੰਬੰਧ ਵਿਚ ਅਰਜ਼ ਹੈ ਕਿ ਇਸ ਵਿਸ਼ੇ ਤੇ ਨਾਮ ਦੇ ਸਿਰਲੇਖ ਹੇਠ ਵਿਸਥਾਰ ਸਹਿਤ ਵਿਚਾਰ ਪਹਿਲੇ ਪੇਸ਼ ਕੀਤੇ ਜਾ ਚੁੱਕੇ ਹਨ। ਹੁਣ ਇਥੇ ਸੰਖੇਪ ਤੌਰ ਤੇ ਹੀ ਅਰਜ਼ ਹੈ ਕਿ ਇਕ ਤਾਂ, ਨਾਮ, ਉਸ ਗੁਰ-ਸ਼ਬਦ ਜਾਂ ਗੁਰ-ਮੰਤ੍ਰ ਨੂੰ ਆਖਦੇ ਹਾਂ ਜੋ ਸਾਨੂੰ ਅੰਮ੍ਰਿਤ ਪਾਨ ਕਰਨ ਸਮੇਂ, ਪੰਜਾਂ ਪਿਆਰਿਆਂ ਵਲੋਂ ਜਪਣ ਜਾਂ ਸਿਮਰਨ ਲਈ ਹਦਾਇਤ ਕੀਤੀ ਜਾਂਦੀ ਹੈ। ਦੂਸਰਾ ਨਾਮ ਨਿਰੰਕਾਰ ਦਾ ਅਪਣਾ ਬਦਲਦਾ ਰੂਪ ਹੈ। ਨਿਰੰਕਾਰ ਕੋਈ ਵਿਅਕਤੀ ਨਹੀਂ, ਸ਼ਕਤੀ ਹੈ। ਇਸ ਨਿਰੰਕਾਰ ਦਾ ਬਦਲਦਾ ਰੂਪ ਨਾਮ ਭੀ ਸ਼ਕਤੀ ਹੈ। ਕੋਈ ਲਫਜ਼ ਜਾਂ ਸ਼ਬਦ ਨਹੀਂ। ਭਾਈ ਗੁਰਦਾਸ ਜੀ ਬਾਰ੍ਹਵੀਂ ਵਾਰ ਵਿਚ ਫੁਰਮਾਉਂਦੇ ਹਨ ਕਿ ਨਿਰੰਕਾਰ ਜਦੋਂ ਆਕਾਰ ਧਾਰਨ ਕਰਦਾ ਹੈ ਤਾਂ ਓਹ 'ਜੋਤਿ' ਦੇ ਰੂਪ ਵਿਚ ਦਿਖਾਈ ਦਿੰਦਾ ਹੈ ਤੇ 'ਵਾਹਿਗੁਰੂ' ਸ਼ਬਦ ਦੇ ਰੂਪ ਵਿਚ ਸੁਣਾਈ ਦਿੰਦਾ ਹੈ।

ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਇਆ।।
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਇਆ।।

ਨਿਰੰਕਾਰ ਦੇ ਬਦਲਵੇਂ ਰੂਪ ਨੂੰ ਜੋਤਿ ਆਖੋ, ਵਾਹਿਗੁਰੂ ਸ਼ਬਦ ਜਾਂ ਨਾਮ ਆਖੋ, ਅਗੋਂ ਇਸ ਤੋਂ ਸੰਸਾਰ ਦੀ ਉਤਪਤੀ ਹੁੰਦੀ ਹੈ। "ਏਕ ਨੂਰ ਤੇ ਸਭ ਜਗ ਉਪਜਿਆ, ਜਾਂ ਨਾਮ ਕੇ ਧਾਰੇ ਖੰਡ ਬ੍ਰਹਮੰਡ"। ਇਸ ਲਈ ਸੰਸਾਰ ਦੇ ਕਣ ਕਣ ਵਿਚੋਂ ਨਿਰੰਕਾਰ ਦੀ ਜੋਤਿ ਦਿਖਾਈ ਦਿੰਦੀ ਹੈ ਅਤੇ ਵਾਹਿਗੁਰੂ ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਸ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ 'ਨਾਮ', ਨਿਰੰਕਾਰ ਦਾ ਅਪਣਾ ਹੀ ਬਦਲਦਾ ਰੂਪ ਹੈ ਜਿਵੇਂ, ਬਰਫ, ਧੁੰਦ ਅਤੇ ਬੱਦਲ, ਪਾਣੀ ਦੇ ਹੀ ਬਦਲਵੇਂ ਰੂਪ ਹਨ। ਇਸ ਦੀ ਪੁਸ਼ਟੀ ਆਸਾ ਦੀ ਵਾਰ ਵਿਚ ਇਨ੍ਹਾਂ ਸ਼ਬਦਾਂ ਦੁਆਰਾ ਕੀਤੀ ਹੈ ਕਿ "ਨਾਉਂ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨ ਜਾਈਐ।।"

ਪਿਛੇ ਅਸੀਂ ਪੜ੍ਹ ਹੀ ਆਏ ਹਾਂ ਕਿ ਬਾਣੀ, ਨਿਰੰਕਾਰ ਤੋਂ ਨਾਜ਼ਲ ਜਾਂ ਪ੍ਰਾਪਤ ਹੋਈ। ਨਾਮ ਭੀ ਨਿਰੰਕਾਰ ਦਾ



www.AKJ.Org

ਅਪਣਾ ਹੀ ਰੂਪ ਹੈ। ਇਸ ਲਈ ਬਾਣੀ ਅਤੇ ਨਾਮ ਦਾ ਮੁਢ ਜਾਂ ਸੋਮਾ, ਇਕੋ ਨਿਰੰਕਾਰ ਹੀ ਹੋਇਆ। ਜਿਸ ਤਰਾਂ ਦੁਧ ਦਾ ਤੱਤ ਮੱਖਣ ਹੈ ਉਸੀ ਤਰਾਂ ਹੀ ਬਾਣੀ ਦਾ ਤੱਤ ਨਾਮ ਹੈ। ਹੁਣ ਇਸ ਤੱਥ ਜਾਂ ਹਕੀਕਤ ਨੂੰ ਮੁੱਖ ਰੱਖ ਕੇ ਹੀ, ਗੁਰਬਾਣੀ ਅਤੇ ਇਸ ਦੇ ਪਾਠ ਸੰਬੰਧੀ ਸ਼ੰਕਿਆਂ ਤੇ ਵਿਚਾਰ ਕਰਦੇ ਹਾਂ।

ਜਦੋਂ ਅਸੀਂ ਗੁਰਬਾਣੀ ਤੋਂ ਕੋਈ ਸੇਧ ਲੈਣੀ ਹੁੰਦੀ ਹੈ ਤਾਂ ਜ਼ਰੂਰੀ ਹੈ ਕਿ ਅਸੀਂ ਗੁਰਬਾਣੀ ਦੇ ਅਸਲ ਆਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਗੁਰਬਾਣੀ ਸਾਨੂੰ ਕਿਆ ਕਹਿੰਦੀ ਹੈ। ਅਸੀਂ ਆਪ ਗੁਰਬਾਣੀ ਦੇ ਮਗਰ ਲੱਗੀਏ। ਪਰ ਅਸੀਂ ਕਰਦੇ ਕਿਆ ਹਾਂ ਕਿ ਅਸੀਂ ਅਪਣੀ ਸਮਝ ਨੂੰ ਗੁਰਬਾਣੀ ਤੋਂ ਉੱਚੀ ਸਮਝ ਕੇ,ਗੁਰਬਾਣੀ ਦੇ ਅਰਥ ਅਸੀਂ ਅਪਣੀ ਮੱਤਿ ਅਨੁਸਾਰ ਕਰਕੇ, ਅਪਣੇ ਕੀਤੇ ਅਰਥਾਂ ਨੂੰ ਦਰੁਸਤ ਸਾਬਤ ਕਰਨੇ ਲਈ, ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਾਂ। ਆਪ ਜੀ ਨੂੰ ਸ਼ਾਇਦ ਯਾਦ ਹੋਵੇਗਾ ਪਿਛੇ ਜਹੇ ਦੋ ਸਿਖ ਵਿਦਵਾਨਾਂ ਨੂੰ ਇਹ ਹੀ ਵਹਿਮ ਹੋ ਗਿਆ ਸੀ ਕਿ ਵਿਦਿਆ ਦੇ ਜ਼ੋਰ ਕਾਰਨ ਉਨ੍ਹਾਂ ਦੀ ਮੱਤਿ, ਗੁਰਬਾਣੀ ਤੋਂ ਭੀ ਉੱਚੀ ਹੋ ਗਈ ਹੈ ਤੇ ਉਨ੍ਹਾਂ ਨੇ ਗੁਰਬਾਣੀ ਤੇ ਹੀ ਟੀਕਾ ਟਿਪਣੀ ਕਰਨੀ ਸ਼ੁਰੂ ਕਰ ਦਿਤੀ ਸੀ ਤੇ ਜਥੇਦਾਰ ਅਕਾਲ ਤਖਤ ਨੂੰ ਉਨ੍ਹਾਂ ਸੱਜਨਾਂ ਨੂੰ ਅਕਾਲ ਤਖਤ ਤੇ ਬੁਲਾ ਕੇ ਤਾੜਨਾ ਕਰਨੀ ਪਈ ਸੀ। ਚਾਹੀਦਾ ਇਹ ਹੈ ਕਿ ਗੁਰਬਾਣੀ ਦੇ ਅਰਥ ਕਰਨ ਵੇਲੇ ਪਹਿਲਾਂ ਅਪਣੇ ਮਨ ਦੀ ਸਲੇਟ ਤੇ, ਪਹਿਲੇ ਉਕਰੇ ਵਿਚਾਰਾਂ ਤੇ ਚੰਗੀ ਤਰਾਂ ਪੋਚਾ ਫੇਰ ਕੇ ਸਾਫ ਕਰ ਲਈਏ ਫੇਰ ਪੂਰੀ ਸੰਜੀਦਗੀ ਅਤੇ ਈਮਾਨਦਾਰੀ ਨਾਲ ਲਗ-ਮਾਤ੍ਰਾਂ ਦਾ ਧਿਆਨ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰੀਏ ਕਿ ਗੁਰਬਾਣੀ ਸਾਨੂੰ ਕਿਆ ਸਿਖਿਆ ਦਿੰਦੀ ਹੈ।

ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਗੁਰਬਾਣੀ ਦੀ ਗਰੈਮਰ (Grammer) ਨੂੰ ਸਮਝੇ ਬਗੈਰ ਅਰਥ ਕਰਨ ਬੈਠ ਜਾਂਦੇ ਹਾਂ । ਇਕ ਇਕ ਤੁਕ ਦੇ ਅਥਵਾ ਅਥਵਾ ਕਰ ਕੇ ਕਈ ਅਰਥ ਕੱਢ ਮਾਰਦੇ ਹਾਂ, ਹੁਣ ਤੁਸੀਂ ਆਪੇ ਹੀ ਦਸੋ ਕਿ ਪਾਠਕ ਕੇਹੜੇ ਅਰਥਾਂ ਦੇ ਮਗਰ ਲਗੇ ਮਿਸਾਲ ਦੇ ਤੌਰ ਤੇ ਤੁਸੀਂ ਅੰਮ੍ਰਿਤਸਰ ਦੀ ਭਾਈ ਮਨੀ ਸਿੰਘ ਜੀ ਦੀ ਟਕਸਾਲ ਦੇ ਸੰਤ ਕਿਰਪਾਲ ਸਿੰਘ ਜੀ ਵਲੋਂ, ਜਪੁਜੀ ਸਾਹਿਬ ਦੇ ਕੀਤੇ ਅਰਥਾਂ ਨੂੰ ਲੈ ਲਵੋ ਜਿਸ ਦਾ ਨਾਮ ਉਨ੍ਹਾਂ "ਅਮੀਰ ਭੰਡਾਰ" ਰਖਿਆ ਹੈ ਜਿਸ ਵਿਚ ਅਪਣੇ ਕੀਤੇ ਅਰਥਾਂ ਨੂੰ ਦਰੁਸਤ ਸਾਬਤ ਕਰਨੇ ਲਈ ਕਲਗੀਧਰ ਜੀ ਦੀ ਮਨਜ਼ੂਰੀ ਦੀ ਛਾਪ ਇਹ ਆਖ ਕੇ ਲਾਉਣ ਦੀ ਕੋਸ਼ਿਸ਼ ਕੀਤੀ ਹੈ ਕਿ"ਇਹ ਟੀਕਾ ਸ੍ਰੀ ਦਸਮ ਪਾਤਸ਼ਾਹ ਜੀ ਦੇ ਉਚਾਰਨ ਕੀਤੇ ਅਰਥਾਂ ਦਾ ਮਾਨੋ ਟੇਪਰੀਕਾਰਡ ਹੈ ਜਿਸ ਦਾ ਅਰਥ ਇਹ ਹੋਇਆ ਕਿ ਉਨ੍ਹਾਂ ਵਲੋ ਕੀਤਾ ਇਹ ਟੀਕਾ ਕਲਗੀਧਰ ਜੀ ਵਲੋਂ ਕੀਤੇ ਅਰਥਾਂ ਦੇ ਅਨੁਸਾਰ ਹੀ ਹੈ। ਆਪ ਜੀ ਨੇ ਇਕ ਤੁਕ ਦੇ ਅਥਵਾ ਅਥਵਾ ਕਰ ਕੇ ਕਈ ਕਈ ਅਰਥ ਕੀਤੇ ਹਨ ਜਦੋਂ ਕਿ ਲਗਾਂ-ਮਾਤ੍ਰਾਂ ਦਾ ਧਿਆਨ ਰਖ ਕੇ ਕੀਤੇ ਅਰਥ ਕਦੇ ਭੀ ਇਕ ਤੋਂ ਵੱਧ ਹੋ ਹੀ ਨਹੀਂ ਸਕਦੇ। ਦੂਸਰੀ ਗੱਲ ਗੁਰਬਾਣੀ ਨੂੰ ਵੇਦਾਂ ਸ਼ਾਸਤ੍ਰਾਂ ਅਤੇ ਦੇਵੀ ਦੇਵਤਿਆਂ ਦੀ ਪਿਛਲੱਗ ਸਾਬਤ ਕਰਨ ਤੇ ਪੂਰਾ ਜ਼ੋਰ ਲਾਇਆ ਹੈ। ਦਾਸ ਇਸ ਪੁਸਤਕ ਤੇ ਕੋਈ ਟੀਕਾ ਟਿਪਣੀ ਕਰਨਾ ਉਚਿਤ ਨਹੀਂ ਸਮਝਦਾ। ਸਿਰਫ ਇਤਨੀ ਹੀ ਬੇਨਤੀ ਕਰਦਾ ਹੈ ਕਿ ਇਹ ਪੁਸਤਕ ਆਪ ਜੀ ਖ਼ੁਦ ਹੀ ਪੜ੍ਹ ਕੇ ਦੇਖੋ ਤੇ ਫੇਰ ਸੋਚੋ ਕਿ ਪਾਠਕ ਜਾਵੇ ਤਾਂ ਕਿਧਰ ਨੂੰ ਜਾਵੇ ?

ਗਿਆਨੀ ਹਰਬੰਸ ਸਿੰਘ ਜੀ ਚੰਡੀਗੜ ਵਾਲਿਆਂ ਨੇ ਭੀ ਜਪੁਜੀ ਸਾਹਿਬ ਦਾ ਟੀਕਾ ਕੀਤਾ ਹੈ ਜਿਸ ਵਿਚ ਆਪ ਜੀ ਨੇ "ਤਿਥੈ ਸੀਤੋ ਸੀਤਾ ਮਹਿਮਾ ਮਾਹਿ।।" ਦੇ ਅਰਥ ਪੰਥ ਦੇ ਪ੍ਰਸਿਧ ਛੇ ਵਿਦਵਾਨਾਂ ਵਲੋਂ ਕੀਤੇ ਗਏ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਸਭ ਵਿਦਵਾਨਾਂ ਦੇ ਅਰਥ ਵਖਰੇ ਵਖਰੇ ਹਨ। ਇਨ੍ਹਾਂ ਵਿਦਵਾਨਾਂ ਦੇ ਨਾਮ ਇਹ ਹਨ। 1. ਭਾਈ ਮਨੀ ਸਿੰਘ ਜੀ ਗਿਆਨੀ 2. ਭਾਈ ਸੰਤੋਖ ਸਿੰਘ ਜੀ 3. ਭਾਈ ਕਾਨ੍ਹ ਸਿੰਘ ਜੀ ਨਾਭਾ 4. ਪ੍ਰੋਫੈਸਰ ਸਾਹਿਬ ਸਿੰਘ ਜੀ 5. ਪ੍ਰਿੰਸੀਪਲ ਤੇਜਾ ਸਿੰਘ ਜੀ 6. ਪੰ: ਤਾਰਾ ਸਿੰਘ ਜੀ ਨਿਰੋਤਮ। ਇਹ ਸਾਰੇ ਹੀ ਸੱਜਨ, ਸਿਖ ਪੰਥ ਦੇ ਗੌਰਵਮਈ ਵਿਦਵਾਨ ਹਨ। ਦਾਸ ਦੀ ਤੁੱਛ ਬੁਧੀ ਇਨ੍ਹਾਂ ਮਹਾਨ ਵੀਰਾਂ ਦੇ ਕੀਤੇ ਅਰਥਾਂ ਨੂੰ ਗਲਤ ਆਖ ਨਹੀਂ ਸਕਦੀ। ਅਰਥ ਵੱਖੋ ਵੱਖਰੇ ਹੋਣ ਕਰਕੇ ਸਾਰੇ ਅਰਥ ਦਰੁਸਤ ਨਹੀਂ ਹੋ ਸਕਦੇ। ਅਸੀਂ ਕਿਸ ਦੇ ਕੀਤੇ ਅਰਥਾਂ ਨੂੰ ਪਰਮਾਣੀਕ ਮੰਨੀਏ।

ਜਪੁਜੀ ਸਾਹਿਬ ਵਿਚ ਬਿਆਨ ਹੋਏ ਪੰਜ ਖੰਡਾਂ ਦੀ ਜੋ ਵਿਆਖਿਆ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਕੀਤੀ ਹੈ, ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਕੀਤੀ ਵਿਆਖਿਆ ਇਸ ਤੋਂ ਬਿਲਕੁਲ ਵੱਖਰੀ ਹੈ। ਦੋਨੋਂ ਹੀ ਪੰਥ ਦੀਆਂ ਉਘੀਆਂ ਮਾਇਆ-ਏ-ਨਾਜ਼ ਹਸਤੀਆਂ ਹਨ। ਅਰਥ ਠੀਕ ਨਾਂ ਹੋ ਸਕਣ ਦਾ ਵੱਡਾ ਕਾਰਨ ਇਹ ਹੈ



www.AKJ.Org

ਕਿ ਜਿਵੇਂ ਦਾਸ ਨੇ ਪਹਿਲਾਂ ਅਰਜ਼ ਕੀਤਾ ਹੈ ਕਿ ਅਸੀਂ ਅਰਥ ਕਰਨ ਵੇਲੇ ਗੁਰਬਾਣੀ ਦੀ ਗਰੈਮਰ ਜਾਂ ਲਗ-ਮਾਤ੍ਰਾਂ ਦੇ ਅਰਥ ਭੇਦ ਨੂੰ ਧਿਆਨ ਵਿਚ ਨਹੀਂ ਰਖਦੇ। ਜਿਨ੍ਹਾਂ ਪ੍ਰਸਿਧ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਅਰਥ ਚਾਰ ਜਿਲਦਾਂ ਵਿਚ ਕੀਤੇ ਹਨ, ਉਨ੍ਹਾਂ ਨੇ ਪਹਿਲੀ ਸੈਂਚੀ ਦੇ ਸ਼ੁਰੂ ਵਿਚ ਹੀ ਲਗਾਂ-ਮਾਤ੍ਰਾਂ ਦੇ ਭੇਦ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਭੀ ਇਸ ਵਿਸ਼ੇ ਤੇ ਇਕ ਛੋਟੀ ਜੇਹੀ ਪੁਸਤਕ ਲਿਖੀ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ "ਗੁਰਬਾਣੀ ਲਗਾ-ਮਾਤ੍ਰਾਂ ਦੀ ਵਿਲੱਖਣਤਾ' ਨਾਮੇ, 484 ਸਫੇ ਦੀ ਇਕ ਕਾਫੀ ਵੱਡੀ ਪੁਸਤਕ ਲਿਖੀ ਹੈ ਜਿਸ ਵਿਚ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਆਦਿ ਤੋਂ ਅੰਤ ਤਕ ਸਭ ਮੁਸ਼ਕਿਲ ਅਤੇ ਵਿਵਾਦਗ੍ਰਸਤ ਸ਼ਬਦਾਂ ਦੀ ਅਰਥ ਵਿਆਖਿਆ ਕੀਤੀ ਹੈ। ਆਪ ਜੀ ਨੇ ਸਾਬਤ ਕੀਤਾ ਹੈ ਕਿ ਜੇ ਲਗਾਂ-ਮਾਤ੍ਰਾਂ ਦਾ ਧਿਆਨ ਰੱਖ ਕੇ ਅਰਥ ਕੀਤੇ ਜਾਣ ਤਾਂ ਕਿਸੀ ਭੀ ਤੁਕ ਦੇ ਕਿਸੀ ਭੀ ਹਾਲਤ ਵਿਚ ਇਕ ਤੋਂ ਵੱਧ ਅਰਥ ਹੋ ਹੀ ਨਹੀਂ ਸਕਦੇ। ਇਸ ਲਈ ਜਦੋਂ ਅਸੀਂ ਗੁਰਬਾਣੀ ਤੋਂ ਕੋਈ ਸੇਧ ਲੈਣੀ ਹੈ ਤਾਂ ਗੁਰਬਾਣੀ ਦੀ ਲਗ-ਮਾਤ੍ਰਾਂ ਦਾ ਧਿਆਨ ਰਖ ਕੇ, ਗੁਰਬਾਣੀ ਦੇ ਆਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਫੇਰ ਜੋ ਸੇਧ ਮਿਲੇ ਉਸ ਤੇ ਅਮਲ ਕਰੀਏ।

ਤਾਰੀਖ ਦਾਨਾ ਅਨੁਸਾਰ ਕਲਗੀਧਰ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਜੋ ਸਿੰਘ, ਉਸ ਵਕਤ ਉਨ੍ਹਾਂ ਦੇ ਪਾਸ ਮੌਜੂਦ ਸਨ ਉਨ੍ਹਾਂ ਪੁਛਿਆ ਕਿ ਮਹਾਰਾਜ ਜੀ ਦੇ ਪਿਛੋਂ ਪੰਥ ਦੀ ਅਗਵਾਈ ਕੌਣ ਕਰੇਗਾ ? ਆਪ ਜੀ ਨੇ ਫ਼ੁਰਮਾਇਆ ਕਿ ਮੇਰੀ ਜੋਤਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤੇ ਦੇਹ ਪੰਥ ਵਿਚ ਹੋਵੇਗੀ ਇਸ ਲਈ ਤੁਸੀਂ ਗ੍ਰੰਥ ਅਤੇ ਪੰਥ ਦੀ ਅਗਵਾਈ ਵਿਚ ਚਲਣਾ। ਉਦੋਂ ਤੋਂ ਪੰਥ ਅੰਦਰ ਇਹ ਮਰਯਾਦਾ ਚਲੀ ਆਉਂਦੀ ਹੈ ਕਿ ਜੋ ਸੇਧ ਸਾਨੂੰ ਗੁਰਬਾਣੀ ਤੋਂ ਮਿਲ ਸਕਦੀ ਹੈ ਅਸੀਂ ਗੁਰਬਾਣੀ ਤੋਂ ਲੈਂਦੇ ਹਾਂ। ਜੇ ਕੋਈ ਸੇਧ ਗੁਰਬਾਣੀ ਵਿਚੋਂ ਨਾ ਮਿਲਦੀ ਹੋਵੇ ਓਹ ਪੰਥ ਦੇ ਇੱਕਠ ਵਿਚ ਰੱਖ ਕੇ ਪੰਥ ਦਾ ਫੈਸਲਾ ਲੈਕੇ ਉਸ ਤੇ ਅਮਲ ਕਰਦੇ ਹਾਂ। ਦੀਵਾਲੀ ਅਤੇ ਬੈਸਾਖੀ ਤੇ ਸਾਲ ਵਿਚ ਸੰਗਤਾਂ ਦੋ ਦਫਾ ਅਕਾਲ ਤਖਤ ਤੇ ਇਕੱਤਰ ਹੋ ਕੇ ਪੰਥਕ ਫੈਸਲੇ ਲੈਂਦੀਆਂ ਸਨ ਇਹ ਇਕੱਠ ਪਿਛੋਂ ਸਰਬੱਤ ਖਾਲਸੇ ਦੇ ਨਾਮ ਨਾਲ ਮਸ਼ਹੂਰ ਹੋਏ-ਇਕ ਲੰਮੇ ਸੰਘਰਸ਼ ਪਿਛੋਂ 1925 ਵਿਚ ਸਾਰੇ ਪੰਥ ਦੀਆਂ ਵੋਟਾਂ ਨਾਲ ਚੁਣੀ ਗਈ ਸ਼ਰੋਮਣੀ ਕਮੇਟੀ ਵਜੂਦ ਵਿਚ ਆਈ ਜਿਸ ਨੇ ਸੰਨ 1932 ਵਿਚ ਪੰਥ ਦੀਆਂ ਸਾਰੀਆਂ ਹੀ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਤੇ ਆਧਾਰਿਤ ਇਕ ਕਮੇਟੀ ਬਣਾਈ ਜਿਸ ਨੇ ਸਿਖ ਦੀ ਜ਼ਾਤੀ ਅਤੇ ਜਮਾਤੀ ਸੇਧ ਲਈ ਰਹੁ ਰੀਤ ਦੀ ਮਰਯਾਦਾ ਤਿਆਰ ਕਰਨੀ ਸੀ। ਚਾਰ ਸਾਲ ਦੀ ਮੇਹਨਤ ਪਿਛੋਂ ਮਰਯਾਦਾ ਦਾ ਜੋ ਖਰੜਾ ਤਿਆਰ ਹੋਇਆ ਓਹ ਸੰਗਤਾਂ ਦੀ ਜਾਣਕਾਰੀ, ਰਾਇ ਅਤੇ ਸੁਝਾਉ ਲੈਣ ਲਈ ਪ੍ਰਕਾਸ਼ਤ ਕੀਤਾ ਗਿਆ। ਆਏ ਸੁਝਾਵਾਂ ਤੇ ਫੇਰ ਵਿਚਾਰ ਹੋਈ। ਇਸ ਤਰਾਂ ਕਾਫੀ ਸੋਚ ਵਿਚਾਰ ਪਿਛੋਂ ਜੋ ਖਰੜਾ ਤਿਆਰ ਹੋਇਆ ਓਹ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀ ਮਨਜ਼ੂਰੀ ਵਿਚ ਭੇਜਿਆ ਗਿਆ। ਮਨਜ਼ੂਰੀ ਮਿਲਣ ਤੇ ਓਹ ਸ਼ਰੋਮਣੀ ਪਰਵਾਣਤ ਮਰਯਾਦਾ ਦੇ ਰੂਪ ਵਿਚ ਪੂਰੇ ਪੰਥ ਤੇ ਲਾਗੂ ਹੋਈ ਤੇ ਅੱਜ ਤਕ ਲਾਗੂ ਚਲੀ ਆ ਰਹੀ ਹੈ।

ਦੂਸਰਾ ਮੰਤਵ ਇਹ ਹੈ ਕਿ ਕਿਸੀ ਸੰਕਟ ਸਮੇਂ ਗੁਰਬਾਣੀ ਦੇ ਪਾਠ ਦਾ ਆਸਰਾ ਲਿਆ ਜਾਵੇ ਕਲਗੀਧਰ ਜੀ ਦੇ ਪਿਛੋਂ ਜਦੋਂ ਪੰਥ ਦੀ ਅਗਵਾਈ ਕਰਨ ਦਾ ਦੇਹ ਧਾਰੀ ਗੁਰੂ ਦਾ ਸਿਲਸਿਲਾ ਬੰਦ ਹੋ ਗਿਆ ਤਾਂ ਗੁਰਬਾਣੀ ਦਾ ਪਾਠ ਕਰਕੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਜਾਂਦੀ ਸੀ ਤਾਂ ਜੋ ਖਾਲਸਾ ਸੰਕਟ ਵਿਚੋਂ ਚੜ੍ਹਦੀਆਂ ਕਲਾਂ ਵਿਚ ਨਿਤਰੇ। ਫੇਰ ਕੁਝ ਐਸਾ ਸਮਾਂ ਭੀ ਆਇਆ ਜਦੋਂ ਖਾਲਸੇ ਨੂੰ ਘਰ ਬਾਰ ਛੱਡ ਕੇ ਜੰਗਲਾਂ ਵਿਚ ਲੁਕ ਛਿਪ ਕੇ ਰਹਿਣਾਂ ਪੈ ਗਿਆ। ਕਈ ਦਫਾ ਤਾਂ ਘੋੜੇ ਦੀ ਕਾਠੀ ਹੀ ਖਾਲਸੇ ਦਾ ਘਰ ਬਾਰ ਹੁੰਦੀ ਸੀ। ਕਿਸੀ ਇਕ ਥਾਂ ਟਿਕ ਕੇ ਰਹਿਣਾ ਮੁਸ਼ਕਿਲ ਹੋ ਗਿਆ ਸੀ। ਉਸ ਸਮੇਂ ਸਹਿਜ ਪਾਠ ਲਈ, ਵਕਤ ਨਹੀਂ ਸੀ ਮਿਲ ਸਕਦਾ। ਐਸੇ ਮੌਕਿਆਂ ਤੇ ਪਾਠ ਲਗਾਤਾਰ ਕਰਕੇ, ਥੋੜੇ ਹੀ ਸਮੇਂ ਵਿਚ ਪੂਰਾ ਕੀਤਾ ਜਾਂਦਾ ਸੀ। ਪਿਛੋਂ ਐਸੇ ਹੋਣ ਵਾਲੇ ਪਾਠਾਂ ਦਾ ਨਾਮ, ਅਖੰਡ ਪਾਠ ਪਰਚਲਤ ਹੋ ਗਿਆ ਜੋ ਅਜ ਕਲ ਰਿਵਾਜ ਹੀ ਬਣ ਗਿਆ ਹੈ। ਅਜ ਤੋਂ 60/65 ਸਾਲ ਪਹਿਲਾਂ ਜਦੋਂ ਦਾਸ ਹਾਲੇ ਹਲਕੀ ਉਮਰ ਦਾ ਹੀ ਸੀ, ਉਸ ਵੇਲੇ ਕੋਈ ਵਿਰਲਾ ਹੀ ਅਖੰਡ ਪਾਠ ਹੁੰਦਾ ਸੀ। ਆਮ ਤੌਰ ਤੇ ਸਹਿਜ ਪਾਠ ਹੀ ਹੁੰਦੇ ਸਨ। ਹੁਣ ਰਿਵਾਜ ਇਸ ਤੋਂ ਉਲਟ ਹੋ ਗਿਆ ਹੈ ਕਿ ਅਖੰਡ ਪਾਠ ਆਮ ਤੇ ਸਹਿਜ ਪਾਠ ਕੋਈ ਵਿਰਲਾ ਹੀ। ਰਹੀ ਗੱਲ ਫਲ ਦੀ ਕਿ ਅਖੰਡ ਪਾਠ ਦਾ ਫਲ ਕਿਤਨਾ ਕੁ ਮਿਲਦਾ


www.AKJ.Org

ਹੈ ਤੇ ਸਹਿਜ ਪਾਠ ਦਾ ਕਿਤਨਾ, ਇਸ ਬਾਰੇ ਪੰਥ ਅੰਦਰ ਕੋਈ ਐਸਾ ਪੈਮਾਨਾ ਮੁਕਰਰ ਨਹੀਂ ਜਿਸ ਤੇ ਹਾੜ ਤੋਲ ਕੇ ਆਖਿਆ ਜਾ ਸਕੇ ਕਿ ਸਹਿਜ ਪਾਠ ਦਾ ਫਲ ਕਿਤਨਾ ਤੇ ਅਖੰਡ ਪਾਠ ਦਾ ਫਲ ਕਿਤਨਾ ਮਿਲਦਾ ਹੈ। ਇਸ ਬਾਰੇ ਦਾਸ ਦਾ ਨਿਜੀ ਵਿਚਾਰ ਇਹ ਹੈ ਕਿ ਜਿਥੋਂ ਤਕ ਹੋ ਸਕੇ, ਤੇ ਸਮਾਂ ਇਜਾਜ਼ਤ ਦਿੰਦਾ ਹੋਵੇ ਤਾਂ ਗੁਰਬਾਣੀ ਦਾ ਸਹਿਜ ਪਾਠ ਹੀ ਹੋਣਾ ਚਾਹੀਦਾ ਹੈ। ਸਾਰਾ ਹੀ ਪਰਿਵਾਰ ਵਧ ਤੋਂ ਵਧ ਪਾਠ ਸੁਣ ਕੇ ਲਾਭ ਉਠਾਏ। ਜਦੋਂ ਕਿਤੇ ਕਿਸੀ ਮਜ਼ਬੂਰੀ ਦੇ ਕਾਰਣ, ਸਹਿਜ ਪਾਠ ਨਾ ਹੋ ਸਕਦਾ ਹੋਵੇ ਤਾਂ ਅਖੰਡ ਪਾਠ ਕਰਨਾ ਨਾ ਹੀ ਮਨਮੌਤਿ ਹੈ, ਜੈਸਾ ਕਿ ਕੁਝ ਸਜਨਾਂ ਦਾ ਵਿਚਾਰ ਹੈ ਅਤੇ ਨਾਂ ਹੀ ਗੁਰਮੌਤਿ ਤੋਂ ਵਿਰੁਧ ਹੈ। ਪੰਥ ਪਰਵਾਣਤ ਮਰਯਾਦਾ ਅਨੁਸਾਰ ਅਖੰਡ ਪਾਠ ਕਰਵਾਉਣਾ ਪਰਵਾਨ ਹੈ। ਮਰਯਾਦਾ ਦੇ ਖਰੜੇ ਵਿਚ ਅਖੰਡ ਪਾਠ ਕਰਵਾਉਣ ਦੀ ਵਿਧੀ ਵੀ ਦਰਜ ਹੈ। ਇਸ ਲਈ ਅਖੰਡ ਪਾਠ ਕਰਨਾ ਜਾਂ ਕਰਾਉਣਾ ਗਲਤ ਨਹੀਂ ਹੈ। ਪਰ ਸਪਤਾਹ ਜਾਂ ਸੰਪਟ ਪਾਠ ਪੰਥ ਦੀ ਮਰਯਾਦਾ ਤੋਂ ਵਿਰੁਧ ਹੈ। ਤੇ ਇਹ ਪਰਵਾਨ ਨਹੀਂ ਹੈ।

ਅਗਲਾ ਮੰਤਵ ਹੈ ਨਾਮ ਅਭਿਆਸ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਗੁਰਬਾਣੀ ਦਾ ਓਟ ਆਸਰਾ ਲੈਣਾ। ਇਹ ਮਸਲਾ ਕੁਝ ਐਸਾ ਗੁੰਝਲਦਾਰ ਹੈ ਕਿ ਜੇ ਤਾਂ ਇਸ ਨੂੰ ਬਿਆਨ ਕਰਦਾ ਹਾਂ ਤਾਂ ਬਹੁਤੇ ਵੀਰਾਂ ਦੀ ਜਿਨ੍ਹਾਂ ਦੀ ਇਹ ਸਮਝ ਵਿਚ ਨਹੀਂ ਆਉਣਾ ਓਹ ਦਾਸ ਨੂੰ ਇਕ ਪਾਗਲ ਬੰਦੇ ਦੀ ਤੁਲਨਾ ਦੇਣਗੇ, ਜੇ ਬਿਆਨ ਨਹੀਂ ਕਰਦਾ ਤਾਂ ਬਹੁਤੇ ਵੀਰਾਂ ਦੀ ਤਸੱਲੀ ਨਹੀਂ ਹੋਣੀ ਕਿ ਗੁਰਬਾਣੀ ਦੀ ਮੱਦਦ ਨਾਲ ਨਾਮ ਨੂੰ ਚੜ੍ਹਦੀ ਕਲਾ ਵਿਚ ਭੀ ਲੈ ਜਾਇਆ ਜਾ ਸਕਦਾ ਹੈ। ਐਸੀ ਹਾਲਤ ਦਾਸ ਇਸ ਲਈ ਆਖਦਾ ਹੈ ਕਿ ਹੁਣ ਜੋ ਗਲਾਂ ਅਗੇ ਅਰਜ਼ ਕਰਨੀਆਂ ਹਨ, ਓਹ ਭਾਵੇਂ ਨਵੀਆਂ ਤਾਂ ਨਹੀਂ ਪਰ ਆਮ ਸੰਗਤਾਂ ਦਾ ਗਿਆਨ ਵਿਚ ਘੱਟ ਹਨ। ਜੋ ਵੀਰ ਪਹਿਲੀ ਬਾਰ ਇਹ ਗੱਲਾਂ ਸੁਣਨਗੇ, ਓਹ ਸ਼ਾਇਦ ਇਨ੍ਹਾਂ ਨੂੰ ਨਾ ਹੀ ਮੰਨਣਗੇ ਅਤੇ ਨਾ ਹੀ ਯਕੀਨ ਕਰਨਗੇ। ਚਲੋ ਖੈਰ। ਬੇਨਤੀ ਇਹ ਹੈ ਕਿ ਜਿਵੇਂ ਆਪ ਜੀ ਪਿਛੋਂ ਪੜ੍ਹ ਹੀ ਆਏ ਹੋ ਕਿ ਨਾਮ, ਨਿਰੰਕਾਰ ਦਾ ਬਦਲਵਾਂ ਰੂਪ ਹੈ 'ਨਾਉ ਤੇਰਾ ਨਿਰੰਕਾਰ ਹੈ' ਅਤੇ ਬਾਣੀ ਨਿਰੰਕਾਰ ਦੇ ਦੇਸ਼ ਦੀ ਉਪਜ ਜਾਂ ਪੈਦਾਵਾਰ ਹੈ। ਇਸ ਲਈ ਨਾਮ ਅਤੇ ਬਾਣੀ ਦਾ ਆਪੋ ਵਿਚ ਬਹੁਤ ਹੀ ਨੇੜੇ ਦਾ ਸੰਬੰਧ ਹੈ ਅੰਮ੍ਰਿਤ ਸੰਚਾਰ ਸਮੇਂ ਜਿਥੇ ਪੰਚਾਂ ਦੀ ਸੇਵਾ ਵਿਚ ਪੂਰਨ ਨਾਮ ਅਭਿਆਸੀ ਸਿੰਘ ਹੁੰਦੇ ਹਨ ਉਥੇ ਗੁਰੂ ਨਾਨਕ ਦੇਵ ਜੀ ਦੀ ਜੋਤਿ ਆਪ ਹਾਜ਼ਰ ਹੋ ਕੇ ਪੰਚਾਂ ਦੀ ਮਾਰਫਤ, ਅੰਮ੍ਰਿਤ ਅਭਿਲਾਖੀ ਸੱਜਨਾਂ ਦੇ ਅੰਮ੍ਰਿਤ ਕਲਾ ਆਪ ਵਰਤਾਉਂਦੀ ਹੈ ਇਹ ਕਲਾ ਵਰਤਣ ਤੇ ਪ੍ਰਾਣੀ ਦੇ ਅੰਦਰ ਪਹਿਲਾਂ ਤੋਂ ਮੌਜੂਦ ਨਾਮ ਦੀ ਗੁਪਤ ਸ਼ਕਤੀ ਪਰਗਟ ਹੋ ਕੇ ਅੰਮ੍ਰਿਤ ਅਭਿਲਾਖੀ ਸੱਜਣ ਦੀ ਨਾੜ ਨਾੜ ਵਿਚ ਥਰ ਥਰਾਹਟ ਪੈਦਾ ਕਰਕੇ (vobrate ਕਰਕੇ) ਨਾਮ ਦੀ ਰੌਂ ਚਾਲੂ ਕਰ ਦਿੰਦੀ ਹੈ "*ਹਉ ਬਲਿਹਾਰੀ ਸਤਿਗੁਰ ਅਪਣੇ ਜਿਨ ਗੁਪਤ ਨਾਮੁ ਪਰਗਾਝਾ* "(697) ਇਸ ਗੁਪਤੋਂ ਪਰਗਟ ਹੋਈ ਨਾਮ ਦੀ ਰੌਂਦੇ ਨਾਲ ਜੁੜਨ ਲਈ ਗੁਰੂ ਨਾਨਕ ਦੇਵ ਜੀ ਪੰਜਾਂ ਪਿਆਰਿਆਂ ਦੀ ਮਾਰਫਤ, ਗੁਰ ਸ਼ਬਦ ਜਾਂ ਗੁਰਮਤਿ ਨਾਮ ਦੀ ਬਖਸ਼ਿਸ਼ ਕਰਦੇ ਹਨ। ਇਸ ਗੁਰ ਸ਼ਬਦ ਦੀ ਕਮਾਈ ਕਰਕੇ ਪ੍ਰਾਣੀ ਨੇ ਅੰਦਰੋਂ ਪਰਗਟ ਹੋਈ ਨਾਮ ਦੀ ਰੌਂਦੇ ਨਾਲ ਜੁੜਨਾ ਹੁੰਦਾ ਹੈ। ਜਦੋ ਸਾਡਾ ਇਕ ਬਾਰ ਭੀ ਇਸ ਰੌਂ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਨਾਮ ਅਭਿਆਸ, ਨਿਰਯਤਨ ਹੀ ਆਪਣੇ ਆਪ ਚਾਲੂ ਹੋ ਜਾਂਦਾ ਹੈ ਤੇ ਚਲਿਆ ਰਹਿੰਦਾ ਹੈ ਇਸ ਜਾਪ ਨੂੰ ਗੁਰਬਾਣੀ ਦੀ ਬੋਲੀ ਵਿਚ ਅਜਪਾ ਜਾਪ ਆਖਦੇ ਹਨ। ਇਹ ਹੈ "*ਅੰਤਰਿ ਨਾਮੁ ਨਿਧਾਨੁ ਹੈ ਪੂਰੇ ਸਤਿਗੁਰ ਦੀਆ ਦਖਾਈ*"(485) ਜਿਸ ਦੀ ਖਾਤਰ ਅੰਮ੍ਰਿਤ ਪਾਨ ਕੀਤਾ ਜਾਂਦਾ ਹੈ।

ਕਈ ਵੀਰ ਐਸੇ ਭੀ ਹੋ ਸਕਦੇ ਹਨ ਜੋ ਗੁਰੂ ਨਾਨਕ ਦੇਵ ਜੀ ਦੀ ਜੋਤਿ ਦੀ ਗੱਲ ਨੂੰ ਮਨ ਉਕਤ ਢਕੌਂਸਲਾ ਜਾਂ ਗਪੌੜ ਸੰਖ ਹੀ ਆਖਣਗੇ, ਪਰ ਇਹ ਇਕ ਹਕੀਕਤ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜੋਤਿ ਹਾਜ਼ਰ ਹੁੰਦੀ ਹੈ ਜਿਸ ਦੇ ਪਰੱਤਖ ਦਰਸ਼ਨ ਗੁਰਮੁਖ ਪਿਆਰੇ ਸੱਜਨਾਂ ਨੂੰ ਅਕਸਰ ਹੋ ਜਾਂਦੇ ਹਨ ਅਤੇ ਹੋਏ ਹਨ। ਜਿਥੇ ਪੰਚਾਂ ਦੀ ਸੇਵਾ ਵਿਚ ਆਮ ਸਾਧਾਰਨ ਬੰਦਿਆਂ ਨੂੰ ਲੈ ਕੇ ਸਿਰਫ ਡੰਗ ਟਪਾਉ ਕੰਮ ਕੀਤਾ ਜਾਂਦਾ ਹੈ ਉਥੇ ਨਾ ਹੀ ਇਹ ਹਾਜ਼ਰ ਹੁੰਦੀ ਹੈ ਤੇ ਨਾ ਉਪਰ ਬਿਆਨ ਕੀਤੀ ਹਾਲਤ ਹੀ ਪੈਦਾ ਹੋ ਸਕਦੀ ਹੈ।

ਜਿਸ ਪ੍ਰਾਣੀ ਦੇ ਅੰਦਰ ਉਪਰ ਬਿਆਨ ਹੋਈ ਅੰਮ੍ਰਿਤ ਕਲਾ ਵਰਤ ਚੁੱਕੀ ਹੋਵੇ ਉਸ ਦੇ ਕੰਨ ਵਿਚ ਕਿਸੀ ਭੀ ਪਾਸਿਓਂ ਗੁਰਬਾਣੀ ਦੀ ਆਵਾਜ਼ ਭਾਵੇਂ ਪਾਠ ਹੋਵੇ ਜਾਂ ਕੀਰਤਨ, ਪੈਂਦੀ ਹੈ ਤਾਂ ਉਸ ਦੇ ਅੰਦਰ ਨਾਮ ਦਾ ਖੰਡਾ ਦਹ ਦੂਨੀ ਰਫਤਾਰ ਵਿਚ ਖੜਕਣ ਲਗ ਪੈਂਦਾ ਹੈ ਤੇ ਆਪ ਹੁਦਰੇ ਵੇਗ ਵਿਚ ਨਿਰਯਤਨ ਹੀ ਖੜਕਦਾ ਰਹਿੰਦਾ ਹੈ। ਜਦੋਂ ਭੀ ਪਾਠ ਯਾ ਕੀਰਤਨ



www.AKJ.Org

ਵਿਚ ਗੁਰਬਾਣੀ ਤੋਂ ਇਲਾਵਾ ਕਿਸੀ ਕੱਚੀ ਬਾਣੀ ਦੇ ਸ਼ਬਦ ਆ ਜਾਂਦੇ ਹਨ ਤਾਂ ਨਾਮ ਤੇ ਬਾਣੀ ਦਾ ਸੰਪਰਕ ਟੁੱਟ ਜਾਂਦਾ ਹੈ। ਨਾਮ ਦਾ ਵੇਗ ਆਪਣੇ ਆਪ ਹੀ ਮੱਧਮ ਪੈ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਕੀਰਤਨ ਵੇਲੇ ਬਾਹਰੋਂ ਕੱਚੀ ਬਾਣੀ ਦੀ ਧਾਰਨਾ ਲੈ ਕੇ ਕੀਰਤਨ ਕਰਨ ਦੀ ਮਰਯਾਦਾ ਅਨੁਸਾਰ ਮਨਾਹੀ ਹੈ। ਜਦੋਂ ਫੇਰ ਗੁਰਬਾਣੀ ਚਾਲੂ ਹੁੰਦੀ ਹੈ ਤਾਂ ਫੇਰ ਖੰਡਾ ਪੂਰੇ ਵੇਗ ਵਿਚ ਖੜਕਣ ਲੱਗ ਜਾਂਦਾ ਹੈ ਗੁਰਬਾਣੀ ਦੀ ਆਵਾਜ਼ ਨਾਮ ਨੂੰ ਖਿਚ ਕੇ ਅਪਣੇ ਨਾਲ ਇਸ ਤਰਾਂ ਜੋੜ ਲੈਂਦੀ ਹੈ ਜਿਵੇਂ ਮੈਗਨਟ ਲੋਹੇ ਨੂੰ।' *ਗੁਰਬਾਣੀ ਦਾ ਕੀਰਤਨ ਸਿਰਫ ਇਸੀ ਮਕਸਦ ਨੂੰ ਮੁੱਖ ਰਖ ਕੇ ਕੀਤਾ ਜਾਂਦਾ ਹੈ ਨਾਮ ਅਭਿਆਸੀ ਸੱਜਨ ਨਾਮ ਤੇ ਬਾਣੀ ਦੇ ਇਸ ਮਿਲਾਪ ਦੇ ਆਸਰੇ ਸਾਰੀ ਸਾਰੀ ਰਾਤ ਕੀਰਤਨ ਕਰਦੇ ਜਾਂ ਸੁਣਦੇ ਤੇ ਨਾਮ ਦਾ ਖੰਡਾ ਖੜਕਾਉਂਦੇ ਨਾਂ ਹੀ ਅੱਕਦੇ ਹਨ ਤੇ ਨਾਂ ਹੀ ਥੱਕਦੇ ਹਨ। ਅਜ ਕਲ ਦੇ ਕੀਰਤਨੀਏ ਸੱਜਨ ਫਿਲਮੀ ਤਰਜ਼ਾਂ ਤੇ ਮਨ ਉਕਤ ਧਾਰਨਾ ਲਾ ਕੇ, ਨਾਮ ਅਭਿਆਸ ਨੂੰ ਭੁੱਲ ਕੇ ਕੰਨ ਰਸ ਵਿਚ ਫਸੇ ਹੋਏ ਹਨ, ਕੀਰਤਨ ਵਿਚ ਵਿਆਖਿਆ ਕਰਨਾ ਭੀ ਕੱਚੀ ਬਾਣੀ ਦਾ ਰਲਾ ਕਰਨਾ ਹੁੰਦਾ ਹੈ। ਬਹੁਤ ਚੰਗਾ ਹੋਵੇ ਜੇ ਗੁਰ ਸਿਖ ਨਾਮ ਅਤੇ ਬਾਣੀ ਦੇ ਜੋੜ ਦੇ ਇਸ ਗੁਪਤ ਰਾਜ਼ ਦੇ ਮੋਹਰਮ ਹੋ ਸਕਣ'।*

ਇਸ ਅਵਸਥਾ ਲਈ ਗੁਰਬਾਣੀ ਦੇ ਅਰਥ ਕਰਨ ਦੀ ਲੋੜ ਨਹੀਂ ਹੁੰਦੀ ਅਤੇ ਨਾਂ ਹੀ ਇਹ ਸੋਚਣਾ ਹੁੰਦਾ ਹੈ ਕਿ ਗੁਰਬਾਣੀ ਕਿਆ ਕਹਿੰਦੀ ਹੈ। ਗੁਰਬਾਣੀ ਨੂੰ ਸਿਰਫ ਸੁਣਨਾ ਹੈ। ਬਾਕੀ ਅਗਲਾ ਕੰਮ ਆਪੇ ਹੀ ਹੋਈ ਜਾਏਗਾ। ਗੁਰਬਾਣੀ ਨਾਮ ਦਾ ਖੰਡਾ ਖੜਕਾਉਣ ਲਈ ਸਹਾਈ ਹੁੰਦੀ ਹੈ ਤੇਂ ਨਾਮ ਦਾ ਖੰਡਾ ਸਹਿਜ ਪਦ ਦੀ ਪ੍ਰਾਪਤੀ ਲਈ। ਸਹਿਜ ਪਦ ਦੀ ਥੋੜੀ ਜਾਂ ਸੰਖੇਪ ਜੇ ਹੀ ਵਿਆਖਿਆ ਇਸ ਪ੍ਰਕਾਰ ਹੈ। ਸਾਡੇ ਦਿਮਾਗ ਦੇ ਦੋ ਅਰਧ ਗੋਲੇ ਜਾਂ Heimspheres ਹਨ। ਸੱਜੇ ਪਾਸੇ ਦਾ ਹਿੱਸਾ feeler brain ਤੇ ਖੱਬੇ ਪਾਸੇ ਦਾ thinker brain ਹੁੰਦਾ ਹੈ। ਬਿਜਲੀ ਦੀ ਇਕ ਬਹੁਤ ਹੀ ਹਲਕੀ ਕਰੰਟ ਦਿਮਾਗ ਨੂੰ ਹਰ ਵਕਤ ਹਰਕਤ ਵਿਚ ਰੱਖਦੀ ਹੈ ਜਿਸ ਦੀ ਫਰੀਕੁਐਂਸੀ 1/2 ਤੋਂ 38 ਹਰਟਸ ਪ੍ਰਤੀ ਸੈਕੰਡ ਦੇ ਵਿਚਾਰ ਹੁੰਦੀ ਹੈ। 3/4 ਤੋਂ 4 ਹਰਟਸ ਤੇ ਅਸੀਂ ਗੂਹੜੀ ਨੀਂਦ ਸੁਤੇ ਹੁੰਦੇ ਹਾਂ 5 ਤੋਂ 7 ਤਕ ਸੁਪਨ ਅਵਸਥਾ ਹੁੰਦੀ ਹੈ 8 ਤੋਂ 13 ਤਕ feeler brain ਗਿਆਨ ਇੰਦ੍ਰੀਆਂ ਤੋਂ ਸੂਚਨਾ ਹਾਸਿਲ ਕਰਕੇ ਉਸ ਦਾ ਸਿਰਫ ਅਨੰਦ ਹੀ ਮਾਣਦਾ ਹੈ। 14 ਤੋਂ 21 ਤਕ Thinker brain ਕੰਮ ਕਰਦਾ ਹੈ 26 ਤੋਂ ਉਪਰ ਖਿਚਾਵਟ ਤੇ ਪਰੇਸ਼ਾਨੀਆਂ ਪੈਦਾ ਹੋ ਜਾਂਦੀਆਂ ਹਨ। ਨਾਮ ਜਪਣ ਵੇਲੇ ਅਸੀਂ ਨਾਮ ਤੋਂ ਪੈਦਾ ਹੋਈ ਆਵਾਜ਼ ਨੂੰ ਸੁਨਣਾ ਹੈ ਤੇ ਇਸ ਦਾ ਅਨੰਦ ਮਾਨਣਾ ਹੈ 8 ਤੋਂ ਥਲੇ ਆ ਗਏ ਤਾਂ ਨੀਂਦ ਆ ਜਾਏਗੀ 13 ਤੋਂ ਉਪਰ ਚਲੇ ਗਏ ਤਾਂ thinker brain ਸਾਨੂੰ ਆਪਣੀਆਂ ਸੋਚਾਂ ਵਿਚ ਉਲਝਾ ਲਏਗਾ ਤਾਂ ਅਸੀਂ 8 ਤੋਂ 13 ਦੇ ਵਿਚਕਾਰ ਸਹਿਜ ਪਦ ਦੀ ਅਵਸਥਾ ਤੋਂ ਉਖੜ ਜਾਵਾਂਗੇ। ਸਾਡੀ ਧਰਤੀ ਦੇ ਕੰਬਣ (vibrate) ਕਰਨ ਦੀ ਫਰੀਕੁਐਂਸੀ ਭੀ 8 ਹਰਟਸ ਪ੍ਰਤੀ ਸੈਕੰਡ ਹੈ ਜਦੋਂ ਸਾਡੇ feeler brain ਦੀ ਫਰੀਕੁਐਂਸੀ ਭੀ 8 ਹਰਟਸ ਤੇ ਪੈਂਦੀ ਹੈ ਤਾਂ ਅਸੀਂ ਕੁਦਰਤ ਨਾਲ ਪੂਰੀ ਤਰਾਂ ਹਾਰਮੋਨਾਈਜ਼ ਜਾਂ ਇਕ ਸੁਰ ਹੁੰਦੇ ਹਾਂ। ਇਸ ਮੁਕੰਮਲ ਇਕਸੁਰਤਾ ਨੂੰ ਆਖਦੇ ਹਾਂ ਸਹਿਜ ਪਦ। ਇਸ ਲਈ ਨਾਮ ਅਭਿਆਸ ਵੇਲੇ ਅਸੀਂ ਆਪਣੇ ਆਪ ਨੂੰ 8 ਤੋਂ 13 ਹਰਟਸ ਦੀ ਫਰੀਕੁਐਂਸੀ ਜਾਂ feeler brain ਦੇ ਘੇਰੇ ਵਿਚ ਰੱਖਣਾ ਹੁੰਦਾ ਹੈ। We have to loose our mind and come to sences

ਆਖਰੀ ਮੰਤਵ ਹੈ ਕਿਸੀ ਕਾਰਜ ਦੀ ਸਿਧੀ ਲਈ ਗੁਰਬਾਣੀ ਦਾ ਆਸਰਾ ਲੈਣਾ। ਕਾਰਜ ਅਨੇਕ ਤਰਾਂ ਦੇ ਹੋ ਸਕਦੇ ਹਨ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਸਹਿਜ ਜਾਂ ਅਖੰਡ ਪਾਠ ਕਰਵਾਉਂਦੇ ਹਾਂ। ਅੱਜ ਕਲ ਪੰਜਾਬੀ ਲੋਕ ਬਾਹਰਲੇ ਦੇਸ਼ਾਂ ਵਿਚ ਕਾਫੀ ਗਏ ਹੋਏ ਹਨ। ਓਹ ਪਿਛੇ ਇੰਡੀਆ ਵਿਚ ਅਪਣੇ ਸਕੇ ਸੰਬੰਧੀਆਂ ਨੂੰ ਮਾਇਆ ਭੇਜਦੇ ਹਨ। ਓਹ ਆਈ ਮਾਇਆ ਨੂੰ ਸਫਲ ਕਰਨ ਦੇ ਖਿਆਲ ਨਾਲ, ਅਖੰਡ ਪਾਠ ਕਰਵਾਉਂਦੇ ਹਨ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕਰਦੇ ਹਨ। ਇਥੋਂ ਤਕ ਤਾਂ ਇਹ ਗੱਲ ਠੀਕ ਹੈ, ਪਰ ਕਈ ਦਫਾ ਚੰਗਿਆਈ ਵਿਚੋਂ ਭੀ ਬੁਰਿਆਈ ਫੁਟ ਪੈਂਦੀ ਹੈ। ਸਾਡੇ ਦੇਸ਼ ਦੇ ਵਸਨੀਕਾਂ, ਤਾਅਲੀਮ ਦੀ ਘਾਟ ਦੇ ਕਾਰਨ ਅਕਸਰ ਕਾਫੀ ਲੋਕ ਵਹਿਮ ਪ੍ਰਸਤੀ ਦਾ ਸ਼ਿਕਾਰ ਹੋਏ ਹੁੰਦੇ ਹਨ। ਓਹ ਅਪਣੇ ਵੱਡੇ ਵਡੇਰਿਆਂ ਦੀਆਂ ਮੜ੍ਹੀਆਂ ਬਣਾ ਕੇ, ਉਨ੍ਹਾਂ ਅਗੇ ਮੱਥੇ ਰਗੜਦੇ ਹਨ। ਹੁਣ ਇਕ ਨਵੀਂ ਬੀਮਾਰੀ ਇਹ ਫੈਲ ਰਹੀ ਹੈ ਕਿ ਅਸੀਂ ਅਖੰਡ ਪਾਠ ਅਪਣੇ ਘਰ ਜਾਂ ਗੁਰਦੁਵਾਰੇ ਕਰਾਉਣ ਦੀ ਥਾਂ, ਇਨ੍ਹਾਂ ਮੜ੍ਹੀਆਂ ਤੇ ਕਰਾਉਣ ਲੱਗ ਪਏ ਹਾਂ। ਇਥੇ ਹੁੰਦਾ ਕਿਆ ਹੈ ਕਿ ਸ਼ਰਧਾਲੂ ਆਉਂਦੇ ਹਨ। ਮੜ੍ਹੀ ਨੂੰ ਮੱਥਾ ਟੇਕਦੇ ਹਨ। ਤੇ ਸੰਗਤ ਵਿਚ ਬੈਠ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦੀ ਲੋੜ



www.AKJ.Org

ਹੀ ਮਹਿਸੂਸ ਨਹੀਂ ਕਰਦੇ। ਵਿਰਲੇ ਸਜੱਨ ਹੁੰਦੇ ਹਨ ਜੋ ਮੜ੍ਹੀ ਨੂੰ ਮਥਾ ਟੇਕ ਕੇ ਫੇਰ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਨ। ਮਾਨੋ ਉਨ੍ਹਾਂ ਦੇ ਖਿਆਲ ਅਨੁਸਾਰ ਮੜ੍ਹੀ ਦਾ ਦਰਜਾ ਗੁਰੂ ਗ੍ਰੰਥ ਸਾਹਿਬ ਤੋਂ ਉੱਚਾ ਹੈ। ਵਿਰਲੇ ਹੀ ਸਜਨ ਹਨ ਜੋ ਸਿਰਫ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਸਿਰ ਝੁਕਾਉਂਦੇ ਹਨ।

ਚੂੰਕਿ ਅਖੰਡ ਪਾਠਾਂ ਦਾ ਰਿਵਾਜ ਜ਼ੋਰ ਫੜ ਗਿਆ ਹੈ। ਗੁਰਦਵਾਰਿਆਂ ਵਿਚ ਸਭ ਪਾਠਾਂ ਦਾ ਭੁਗਤਾਨ ਕਰਨਾ ਔਖਾ ਹੋ ਰਿਹਾ ਹੈ। ਹੁਣ ਇਕ ਹੋਰ ਨਵੇਂ ਰਿਵਾਜ ਨੇ ਜ਼ੋਰ ਫੜ ਲਿਆ ਹੈ ਕਿ ਇਕ ਥਾਂ ਇਕੋ ਹੀ ਸਮੇਂ, ਕਈ ਕਈ ਪਾਠ ਇੱਕਠੇ ਹੀ ਰੱਖ ਦਿਤੇ ਜਾਂਦੇ ਹਨ। ਇਕ ਪਾਠੀ ਬੋਲ ਕੇ ਪਾਠ ਕਰਦਾ ਹੈ ਬਾਕੀ ਤਾਂ ਸਿਰਫ ਅੱਖਾਂ ਹੀ ਫੇਰੀ ਜਾਂਦੇ ਹਨ। ਇਹ ਬੀਮਾਰੀ ਏਥੋਂ ਤਕ ਵਧ ਗਈ ਹੈ ਕਿ ਡੇਢ ਡੇਢ ਸੌ ਪਾਠ ਇਕਠੇ ਹੀ ਹੁੰਦੇ ਤੁਸੀਂ ਦੇਖ ਸਕਦੇ ਹੋ। ਕਈ ਕਈ ਥਾਵਾਂ ਤੇ ਚਲਦੇ ਪਾਠਾਂ ਵਿਚ ਦੀਵੇ ਜਲਾ ਕੇ ਆਰਤੀ ਕੀਤੀ ਜਾਂਦੀ ਹੈ। ਸ਼ਬਦ ਕੀਰਤਨ ਭੀ ਹੁੰਦਾ ਹੈ ਪਾਠ ਭੀ ਚਲਦਾ ਹੈ। ਇਕ ਬੀਮਾਰੀ ਹੋਰ ਇਹ ਭੀ ਫੁੱਟ ਪਈ ਹੈ ਕਿ ਮ੍ਰਿਤਕ ਦੀ ਦੇਹ ਨੂੰ ਗੁਰਦਵਾਰੇ ਲੈ ਜਾ ਰੱਖ ਦਿਤਾ ਜਾਂਦਾ ਹੈ। ਅਰਦਾਸ ਸੋਧ ਕੇ ਫੇਰ ਦੇਹ ਨੂੰ ਸ਼ਮਸ਼ਾਨ ਘਾਟ ਨੂੰ ਲੈ ਕੇ ਜਾਇਆ ਜਾਂਦਾ ਹੈ। ਆਖਿਆ ਇਹ ਜਾਂਦਾ ਹੈ ਕਿ ਜੀ ਮ੍ਰਿਤਕ ਦਾ ਗੁਰਦਵਾਰੇ ਮੱਥਾ ਟਿਕਾਇਆ ਗਿਆ ਹੈ। ਇਸ ਬੀਮਾਰੀ ਵਿਚ ਪੜ੍ਹੇ ਲਿਖੇ ਤੇ ਸੂਝਵਾਨ ਸੱਜਨ ਭੀ ਫਸੇ ਹੋਏ ਹਨ। ਐਥੋਂ ਤਕ ਕਿ ਇਥੇ ਇੰਗਲੈਂਡ ਵਿਚ, ਇਕ ਸੰਤ ਜੀ ਦੀ ਮ੍ਰਿਤਕ ਦੇਹ ਨੂੰ ਗੁਰਦਵਾਰੇ ਲੈ ਜਾ ਕੇ ਉਸ ਦੀ ਅਰਦਾਸ 'ਜਥੇਦਾਰ ਸਾਹਿਬ ਅਕਾਲ ਤਖਤ' ਨੇ ਕੀਤੀ। ਜਥੇਦਾਰ ਅਕਾਲ ਤਖਤ ਪੰਥ ਦੀ ਮਰਯਾਦਾ ਦੇ ਮੁਹਾਫਜ਼ ਹਨ। ਜੇ ਵਾੜ ਹੀ ਖੇਤ ਨੂੰ ਖਾਣ ਲਗ ਪਈ ਤਾਂ ਖੇਤ ਦੀ ਰਾਖੀ ਕੌਣ ਕਰੇਗਾ।

ਹੁਣ ਅਮੀਰ ਲੋਕਾਂ ਨੇ ਤਾਂ ਅਕਾਲ ਪੁਰਖ ਨੂੰ ਅਪਣਾ ਘਰੇਲੂ ਨੌਕਰ ਹੀ ਸਮਝ ਰੱਖਿਆ ਹੈ। ਪੈਸੇ ਦਿਓ ਤੇ ਅਪਣਾ ਕੰਮ ਕਰਵਾ ਲਓ। ਓਹ ਆਪਣੇ ਕਿਸੀ ਕਾਰਜ ਦੀ ਸਿਧੀ ਲਈ ਕਿਸੀ ਗੁਰਦਵਾਰੇ ਪੈਸੇ ਭੇਜ ਕੇ, ਅਖੰਡ ਪਾਠ ਕਰਨ ਲਈ ਚਿੱਠੀ ਲਿਖ ਦਿੰਦੇ ਹਨ। ਪਾਠ ਗੁਰਦੁਆਰੇ ਹੋ ਜਾਂਦਾ ਹੈ। ਪਾਠ ਦੇ ਆਰੰਭ ਤੇ ਭੋਗ ਸਮੇਂ ਦੇ ਆਏ ਹੁਕਮ ਨਾਮੇਂ, ਚਿੱਠੀ ਰਾਹੀਂ ਸਰਦਾਰ ਹੋਰਾਂ ਨੂੰ ਪਹੁੰਚ ਜਾਂਦੇ ਹਨ, ਉਨ੍ਹਾਂ ਨਾ ਹੀ ਪਾਠ ਹੁੰਦਾ ਦੇਖਿਆ ਤੇ ਨਾ ਹੀ ਸੁਣਿਆ ਪਰ ਅਪਣੇ ਮਨ ਨੂੰ ਤੱਸਲੀ ਦੇ ਲਈ ਕਿ ਹੁਣ ਰੱਬ ਉਨ੍ਹਾਂ ਦੀ ਜ਼ੇਬ ਵਿਚ ਆ ਪਿਆ ਹੈ। ਹੁਣ ਓਹ ਉਸ ਨੂੰ ਜਿਥੇ ਚਾਹੁਣ ਅਤੇ ਜਿਵੇਂ ਚਾਹੁਣ ਵਰਤ ਲੈਣ। ਬੀਮਾਰੀ ਦੇ ਇਸ ਬੂਟੇ ਨੂੰ ਇਕ ਨਵੀਂ ਸਾਖ ਇਹ ਫੁੱਟੀ ਹੈ ਕਿ ਕੁਝ ਗਰੰਥੀ ਐਸੇ ਭੀ ਹਨ ਜੋ ਇਹ ਆਖਦੇ ਹਨ ਕਿ ਓਹ ਆਪਣੇ ਵੇਹਲ ਦੇ ਸਮੇਂ ਪਾਠ ਕਰ ਲੈਂਦੇ ਹਨ। ਇਸ ਤਰਾਂ ਉਨ੍ਹਾਂ ਨੇ ਪਾਠ ਕਰ ਕਰ ਕੇ ਆਪਣੇ ਸਟੋਰ ਭਰੇ ਪਏ ਹਨ। ਤੁਸੀਂ ਪੈਸੇ ਦਿਓ, ਓਹ ਇਕ ਪਾਠ ਦੀ ਅਰਦਾਸ ਤੁਹਾਡੇ ਨਾਮ ਦੀ ਕਰ ਦੇਣਗੇ ਤੇ ਤੁਹਾਡਾ ਸਮਾਂ ਤੇ ਪਾਠ ਕਰਾਉਣ ਦੀ ਖੇਚਲ ਤੋਂ ਤੁਸੀਂ ਬਚ ਜਾਂਦੇ ਹੋ। ਇਸ ਤਰਾਂ ਓਹ ਪਾਠ ਦੀ ਸਰ੍ਹੋਂ ਉਸੀ ਵੇਲੇ ਹੀ ਹੱਥ ਤੇ ਜਮਾ ਕੇ ਰਖ ਦਿੰਦੇ ਹਨ।

ਅਸੀਂ ਆਮ ਤੌਰ ਤੇ ਸਹਿਜ ਜਾਂ ਅਖੰਡ ਪਾਠ ਤਾਂ ਰਖਵਾ ਲੈਂਦੇ ਹਾਂ ਪਰ ਸਾਨੂੰ ਸਾਡੇ ਰੁਝੇਵੇਂ ਪਾਠ ਸੁਣਨ ਲਈ ਸਮਾਂ ਨਹੀਂ ਦਿੰਦੇ। ਪਾਠ ਚਲਦਾ ਹੈ ਸੁਨਣੇ ਵਾਲਾ ਕੋਈ ਨਹੀ। ਕਈ ਦਫਾ ਤਾਂ ਪਰਸ਼ਾਦ ਵਰਤਾਉਣ ਵਾਲਾ ਭੀ ਕੋਈ ਨਹੀਂ ਹੁੰਦਾ। ਪਾਠ ਦਾ ਭੋਗ ਪੈ ਜਾਂਦਾ ਹੈ। ਗਰੰਥੀ ਸਿੰਘ ਮਹਾਰਾਜ ਦੇ ਕਮਰ ਕਸੇ ਦੀ ਹਾਲੇ ਤਿਆਰੀ ਕਰਦਾ ਹੈ ਮਹਾਰਾਜ ਦੀ ਸਵਾਰੀ ਹਾਲੇ ਘਰ ਵਿਚ ਹੀ ਹੈ ਕਿ ਨਾਲ ਦੇ ਕਮਰੇ ਵਿਚ ਸ਼ਰਾਬ ਦਾ ਦੌਰ ਚਲ ਪੈਂਦਾ ਹੈ। ਗੁਰਬਾਣੀ ਦੇ ਪਾਠ ਦੀ ਬਰਕਤ ਨਾਲ ਅਕਸਰ ਰੋਗੀਆਂ ਦੇ ਰੋਗ ਦੂਰ ਹੁੰਦੇ ਤੇ ਲੋੜੀਂਦੇ ਕਾਰਜ ਦੀ ਪੂਰਤੀ ਹੁੰਦੀ ਭੀ ਦੇਖਣੇ ਵਿਚ ਆਉਂਦੀ ਹੈ। ਗੁਰਬਾਣੀ ਦੇ ਇਸ ਗੁਣ ਨੂੰ ਲੈ ਕੇ ਕੁਝ ਸੰਤਾ ਮਹਾਤਮਵਾਂ ਨੇ ਗੁਰਬਾਣੀ ਦੇ ਵਖੋ ਵੱਖ ਸ਼ਬਦਾਂ ਦੇ ਸਿਲੇ ਕਰਕੇ ਗੁਰਬਾਣੀ ਨੂੰ ਜਾਦੂ ਟੂਣੇ ਦੇ ਰੂਪ ਵਿਚ ਵਰਤਨਾ ਸ਼ੁਰੂ ਕਰ ਦਿੱਤਾ ਹੈ, ਜੋ ਕਿ ਗੁਰਮੌਤਿ ਤੋਂ ਵਿਰੁਧ ਕਾਰਵਾਈ ਹੈ। ਇਸ ਜਾਦੂ ਟੂਣੇ ਵਾਲੇ ਰਿਵਾਜ ਨੂੰ ਭੀ ਠੱਲ ਪਾਉਣ ਦੀ ਲੋੜ ਹੈ।

ਵੀਰ ਜੀ, ਪੰਥ ਨੂੰ ਨਿਤ ਆਏ ਦਿਨ, ਨਵੀਂ ਬੀਮਾਰੀ ਚੰਬੜਦੀ ਜਾ ਰਹੀ ਹੈ। ਜੇ ਪੰਥ ਦੇ ਆਗੂਆਂ ਤੇ ਆਮ ਸੰਗਤਾਂ ਨੇ ਭੀ, ਇਨ੍ਹਾਂ ਬੇਨਿਯਮੀਆਂ, ਕੁਰੀਤੀਆਂ ਜਾਂ ਮਨ ਮੱਤਾਂ ਨੂੰ ਠਲ ਨਾ ਪਾਈ ਤਾਂ ਪੰਥ ਦੀ ਹਾਲਤ ਰਸਾਤਲ ਤੱਕ ਗ਼ਰਕ ਸਕਦੀ ਹੈ। ਪੰਥ ਵੈਰੀ ਤਾਂ ਪੰਥ ਨੂੰ ਤਬਾਹ ਕਰਨ ਤੇ ਤੁਲੇ ਹੀ ਹੋਏ ਹਨ। ਇਨ੍ਹਾਂ ਦਾ ਮੁਕਾਬਲਾ ਕਰਨਾ ਉਤਨਾ ਮੁਸ਼ਕਿਲ ਨਹੀਂ ਹੈ ਜਿਤਨਾ ਮੁਸ਼ਕਿਲ ਮੁਕਾਬਲਾ ਇਨ੍ਹਾਂ ਉਪਰ ਬਿਆਨ ਕੀਤੇ ਬੁਕਲ ਦੇ ਸੱਪਾਂ ਪਾਸੋਂ ਹੈ। ਪੰਥ ਹੁਸ਼ਿਆਰ ਬਾਸ਼। ਇਨ੍ਹਾਂ ਮਨ ਮੱਤਾ ਨੂੰ ਠੱਲ ਪਾਉਣ ਵਿਚ ਸਾਨੂੰ ਸਭ ਨੂੰ ਅਪਣਾ ਅਪਣਾ ਯੋਗ ਦਾਨ ਪਾਉਣਾ ਚਾਹੀਦਾ ਹੈ।

▪▪▪▪▪▪▪▪



www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਲੜੀ ਜੋੜਨ ਲਈ ਦੇਖੋ ਸੂਰਾ ਜੁਲਾਈ ੯੭)

## ੩-ਕਰਮਾਂ ਦਾ ਚੱਕਰ ਕਿਵੇਂ ਚਲਿਆ

ਪੂਰਬਲੇ ਕਰਮਾਂ ਦਾ ਲੇਖਾ ਤਾਂ ਸੁੰਨਹੁੰ ਉਪਜੇ ਦਸ ਅਵਤਾਰਾਂ, ਦੇਵ ਦਾਨਵ ਗਣ ਗੰਧਰਬਾਂ ਨੂੰ ਭੀ ਭੁਗਤਣਾ ਪੈਂਦਾ ਹੈ। ਸ੍ਰਿਸਟੀ ਦੀ ਉਤਪਤੀ ਤੋਂ ਪਹਿਲਾਂ ਪਾਸਾਰਾ ਪਸਾਰਨ ਤੋਂ ਪਹਿਲਾਂ ਵਾਲੀ ਸੁੰਨ ਪ੍ਰਲਾਤਕ ਅਕਲ ਕਲਾ ਤੋਂ ਜਦ ਰਚਨਹਾਰ ਕਰਤਾਰ ਨੇ ਰਚਨਾ ਰਚੀ ਤਦ ਓਦੋਂ ਹੀ ਜੀਵਤ ਕਲਾ ਦੇ ਨਾਲਿ ਹੀ ਕਰਮ ਭੀ ਉਪਜ ਖੜੋਤੇ। ਇਨਸਾਨ ਨੂੰ ਮੁਢਲੇ ਇਨਸਾਨਤ ਰਚੰਨੇ ਕਰਮਾਂ ਦਾ ਮੁਖਤਿਆਰ ਮੁਤਲਿਕ ਬਣਾ ਦਿਤਾ। ਕੋਈ ਚੰਗਾ ਕਰੇ ਕੋਈ ਮੰਦਾ ਕਰੇ। ਸਭ ਦਾ ਫਲ ਪਰਦਾਤਾ ਕਰਮ ਬਿਧਾਂਤਾ ਕਰਨ ਹਾਰ ਕਰਤਾਰ ਸ੍ਰਿਸ਼ਟੀ ਨੂੰ ਰਚਣ ਹਾਰ ਸਭ ਮਖੂਲਤ ਦਾ ਖਾਲਿਕ ਮਾਲਿਕ ਕੁਦਰਤ ਦਾ ਕਾਦਰੇ ਮੁਤਲਕ ਕਰਮਾਂ ਦਾ ਲੇਖਾ ਭੁਗਤਾਉਣਹਾਰ ਨਿਰੰਕਾਰ ਆਪ ਬਣਿਆ। ਆਨਮਤੀਆਂ ਹਿੰਦੂਆਂ ਦੇ ਦਸ ਅਵਤਾਰ, ਸੁੰਨੋਂ ਉਪਜੇ ਦਸ ਅਵਤਾਰ ਆਪਣੇ ਆਪਣੇ ਕਰਮਾਂ ਦੇ ਲੇਖੇ ਦੇਣਹਾਰ ਗਰਦਾਨੇ ਗਏ। ਗਣ ਗੰਧਰਬ ਦੇਵ ਦਾਨਵ ਆਦਿ ਭੀ ਗਰਦਾਨੇ ਗਏ। ਇਉਂ ਮੁਢ ਤੋਂ ਹੀ ਕਰਮਾਂ ਦਾ ਚਕਰ ਚਲ ਪਿਆ। ਸਭਨਾਂ ਦੇ ਸਿਰ ਕਰਮਾਂ ਦਾ ਲੇਖਾ ਲਿਖਿਆ ਗਿਆ। ਨਿਜੋ ਨਿਜੀ ਮੂੜ ਅਮੂੜਤਾ ਵਿਚਿ ਆਪੋ ਅਪਣਾ ਲਿਖਿਆ ਕਰਮ ਕਮਾਵਣ ਲਗੇ। ਲੇਖਾ ਵਧਦਾ ਗਿਆ ਅਤੇ ਕਰਮ ਕਮਾਵਣ ਹਾਰਿਆਂ ਦੇ ਸਿਰ ਇਸ ਲੇਖੇ ਦਾ ਸੂਦ ਦਰ ਸੂਦ ਪੈਂਦਾ ਰਿਹਾ। ਸੁੰਨਹੁ ਉਪਾਈ ਸਭ ਵਿਅਕਤ ਗੰਤਾਈ ਕਰਮਾਂ ਦੇ ਲੇਖੇ ਅੰਦਰਿ ਆਈ ਯਥਾ ਗੁਰਵਾਕ :-

ਸੁੰਨਹੁ ਉਪਜੇ ਦਸ ਅਵਤਾਰਾ।।
ਸ੍ਰਿਸਟ ਉਪਾਇ ਕੀਆ ਪਾਸਾਰਾ।।
ਦੇਵ ਦਾਨਵ ਗਣ ਗੰਧਰਬ ਸਾਜੇ
ਸਭਿ ਲਿਖਿਆ ਕਰਮ ਕਮਾਇਦਾ।। (ਮਾਰੂ ਮਹਲਾ ੧।।)

ਸ੍ਰਿਸਟੀ ਦੇ ਸਾਜਨਹਾਰ ਦਾ ਖੇਲ ਇਹ ਅਜਬ ਨਿਰਾਲਾ ਹੈ ਕਿ ਕਰਮ ਕਰਨਹਾਰ ਇਨਸਾਨ ਦੇ ਅਖਤਿਆਰ ਵਿਚਿ ਕਰਮਾਂ ਦਾ ਫਲ ਭੁਗਤਾਰੀ ਵਸੀਕਾਰ ਨਹੀਂ ਰਖਿਆ ਆਪਣੇ ਹਥ ਹੀ ਰਖਿਆ। ਸਰਬਗ ਸਿਰਜਨਹਾਰ ਦੇ ਇਸ ਕਉਤਕ ਤੋਂ ਅਲਪਗੀ ਅਕਲ ਚਕਾਚੌਂਧ ਖਾ ਜਾਂਦੀ ਹੈ।।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਧੁਰਿ ਲਿਖਿਆ ਕਰਮ ਅਵਸ਼ੇਂ ਹੀ ਕਰਨਾ ਪੈਂਦਾ ਹੈ। ਧੁਰ ਫੁਰਮਾਏ ਕਰਮ ਦੀ ਕਰਤੱਤ ਨੂੰ ਕੋਈ ਨਹੀਂ ਮੇਟ ਸਕਦਾ। ਮੁਢੋਂ ਹੀ ਜਿਨਾਂ ਦਾ ਸਤਿਸੰਗਤ ਵਿਚਿ ਵਾਸਾ ਹੋ ਜਾਂਦਾ ਹੈ ਇਹ ਸ਼ੁਭ ਕਰਮੀ ਲੇਖ ਰੇਖ ਧੁਰਿ ਪੇਖੇ ਅਨੁਸਾਰ ਹੀ ਮੋਖੁਤ ਹੁੰਦੀ ਹੈ। ਗੁਰ ਪ੍ਰਮਾਣਾਂ ਦੀ ਪ੍ਰੋੜਤਾ ਇਸ ਪ੍ਰਥਾਇ ਗੁਰਬਾਣੀ ਅੰਦਰਿ ਵਿਦਮਾਨ ਹੈ। ਜੈਸੇ ਕਿ ਗੁਰ ਫੁਰਮਾਨ ਹੈ :-

ਜੋ ਧੁਰਿ ਲਿਖਿਆ ਸੁਕਰਮ ਕਮਾਇਆ।।
ਕੋਇ ਨ ਮੇਟੈ ਧੁਰਿ ਫੁਰਮਾਇਆ।।
ਸਤਿ ਸੰਗਤਿ ਮਹਿ ਤਿਨ ਹੀ ਵਾਸਾ
ਜਿਨ ਕਉ ਧੁਰਿ ਲਿਖ ਪਾਈ ਹੇ।। (ਮਾਰੂ ਸੋਲਹੇ ਮ: ੩)

ਗੁਰਮਤਿ ਜਪ ਤਪ ਦਇਆ ਧਰਮ ਵਾਲਾ ਪੁੰਨ ਕਰਮ ਤਿਨਾਂ ਦਾ ਹੀ ਨਿਹਚਲ ਰਹਿੰਦਾ ਹੈ ਅਤੇ ਤੋੜ ਨਿਭਦਾ ਹੈ ਜਿਨਾ ਦੇ ਪੂਰਬਲੇ ਕਰਮਾਂ ਵਿਚਿ ਇਹ ਪੁੰਨ ਫਲ ਮਿਲਣਾ ਲਿਖਿਆ ਹੁੰਦਾ ਹੈ।

ਦਇਆ ਧਰਮ ਤਪ ਨਿਹਚਲੋ ਜਿਸੁ ਕਰਮਿ ਲਿਖਾਧਾ।।
(ਪਉੜੀ ੧੯ ਡ: ਵਾ: ਮਾ: ਮ: ੫)

ਸ੍ਰਿਸ਼ਟੀ ਦੇ ਨਾਥ ਜਗਜੀਵਨ ਜਗਦੀਸਰ ਕਰਤੇ ਦੇ ਹੀ ਸਭ ਕਿਛੁ ਵਸਿ ਗਤਿ ਹੈ। ਜਗਤ ਨਾਥ ਸਮਰਥ ਕਰਤੇ ਪੁਰਖ ਨੇ ਜਿਨਾਂ ਦੇ ਮਸਤਕ ਤੇ ਸ਼ੁਭ ਲੇਖ ਧੁਰੋਂ ਲਿਖਿਆ ਹੈ ਤਿਨਾਂ ਸ਼ੁਭ ਕਰਮੀਆਂ ਵਡ ਭਾਗਿਆਂ ਨੇ ਹੀ ਵਾਹਿਗੁਰੂ ਨੂੰ ਸਚੀ ਧਿਆਵਣੀ ਧਿਆਇਆ ਹੈ। ਵਾਹਿਗੁਰੂ ਸਚੇ ਸੁਆਮੀ ਸਮਰਥ ਸਚੇ ਮਾਲਕ ਨੇ ਜਿਨ੍ਹਾਂ ਦੇ ਕਰਮਾਂ ਵਿਚ ਧੁਰ ਦਾ ਲਿਖਿਆ ਹੋਇਆ ਹੈ ਤਿਨਾਂ ਨੇ ਹੀ ਵਾਹਿਗੁਰੂ ਨਾਮ ਨੂੰ ਸੱਚੀ ਅਰਾਧਣੀ ਅਰਾਧਿਆ ਹੈ। ਤਿਨਾਂ ਦੇ ਸਾਰੇ ਪਾਪ ਇਕ ਨਿਮਖ ਵਿਚਿ ਹੀ ਲਥ ਗਏ (ਲਹਿ ਗਏ) ਹਨ ਜਿਨ੍ਹਾਂ ਨੇ ਗੁਰਬਚਨ ਦ੍ਰਿੜਾਏ ਜਾਪ ਅਨੁਸਾਰ ਅਰਥਾਤ ਅੰਮ੍ਰਿਤ ਛਕਣ ਸਮੇਂ ਦੀ ਮਿਲੀ ਗੁਰ ਦੀਖਿਆ ਵਾਲੇ ਜਾਪ ਗੁਰ ਮੰਤ੍ਰ ਦੁਆਰਾ ਗੁਰਮਤਿ ਨਾਮ ਨੂੰ ਸੱਚੀ ਜਪਣੀ ਜਪਿਆ ਹੈ। ਜੈਸਾ ਕਿ ਗੁਰਵਾਕ ਹੈ :-ਤੁਖਾਰੀ ਮਹਲਾ ੪।।

ਤੂ ਜਗਜੀਵਨ ਜਗਦੀਸ ਸਭ ਕਰਤਾ ਸ੍ਰਿਸਟਿ ਨਾਥੁ।।
ਤਿਨਿ ਤੂ ਧਿਆਇਆ ਮੇਰਾ ਰਾਮ
ਜਿਨ ਕੈ ਧੁਰਿ ਲੇਖ ਮਾਥੁ।।
ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ
ਤਿਨਿ ਹਰਿ ਹਰਿ ਨਾਮੁ ਅਰਾਧਿਆ।।
ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ
ਜਿਨਿ ਗੁਰਬਚਨੀ ਹਰਿ ਜਾਪਿਆ।।

ਵਾਹਿਗੁਰੂ ਦਾ ਨਾਮ ਜਪਣਾ ਅਤੇ ਵਾਹਿਗੁਰੂ ਦੇ



www.AKJ.Org

ਗੁਣ ਗਾਵਣੇ ਭੀ ਤਿਸੇ ਅਨਿੰਨ ਗੁਰਮੁਖ ਗੁਰ ਸਿਖ ਦੇ ਸੁਭਾਗ ਵਿਚਿ ਹਨ ਜਿਸ ਦੇ ਪੂਰਬਲੇ ਕਰਮਾਂ ਵਿਚਿ ਲਿਖਿਆ ਹੁੰਦਾ ਹੈ। ਵਾਹਿਗੁਰੂ ਦੇ ਗੁਣ ਗਾਵਣੇ ਅਤੇ ਵਾਹਿਗੁਰੂ ਦਾ ਨਾਮ ਜਪਣਾ ਐਸਾ ਸ੍ਰੇਸ਼ਟ ਅਤੇ ਸਰਬੋਤਮ ਕਰਮ ਹੈ ਕਿ ਜਨਮ ਜਨਮ ਦੇ ਪਾਤਿਕਾਂ ਪਤਿਤ ਕਰਮੀਆਂ ਨੂੰ ਪਾਵਨ ਪਵਿਤ੍ਰ ਦੁਧ ਧੋਤੇ ਬਣਾ ਦਿੰਦਾ ਹੈ। ਯਥਾ ਗੁਰਵਾਕ:-

ਪਤਿਤ ਪਾਵਨ ਪ੍ਰਭ ਤੇਰੋ ਨਾਉ॥
ਪੂਰਬਿ ਕਰਮ ਲਿਖੇ ਗੁਣ ਗਾਉ॥੪॥੧੨॥

(ਭੈਰਉ ਮ: ੫)

ਪੂਰਬ ਲਿਖਿਆ ਸ਼ੁਭ ਕਰਮ ਦਾ ਅੰਕੂਰ ਜਿਨ੍ਹਾਂ ਨੂੰ ਉਦੀਪਤ ਹੁੰਦਾ ਹੈ, ਸੋ ਵਡਿਭਾਗੇ ਜਨ ਸਤਿਗੁਰੂ ਗੁਰੂ ਨਾਨਕ ਦੇ ਘਰ ਦੇ ਸਿਖ ਸੇਵਕ ਆ ਬਣਦੇ ਹਨ। ਤਿਨ੍ਹਾਂ ਨੂੰ ਹੀ ਸਚੇ ਗੁਰ ਸਿਖ ਸੇਵਕ ਬਣ ਕੇ ਗੁਰਮਤਿ ਨਾਮ ਜਪਣ ਆਰਾਧਨ ਦੀ ਸਚੀ ਸੇਵਾ ਅਰੂੜ੍ਹਤ ਹੋਈ ਹੈ ਜਿਸ ਸੇਵਾ ਨੂੰ ਕਰ ਕੇ ਤਿਨ੍ਹਾਂ ਨੂੰ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ, ਯਥਾ ਗੁਰਵਾਕ :-

ਨਾਨਕ ਸਤਿਗੁਰ ਸੇਵਿ ਸੁਖੁ ਪਾਇਆ
ਜਿਨ ਪੂਰਬਿ ਲਿਖਿਆ ਕਰਾਮੁ॥੨॥੧੬॥

(ਸਾਰੰਗ ਕੀ ਵਾਰ ਮਹਲਾ ੪)

ਇਸ ਦੀ ਪ੍ਰੋੜ੍ਹਤਾ ਅਗਲੇਰਾ ਗੁਰਵਾਕ ਭੀ ਕਰਦਾ ਹੈ, ਯਥਾ :-

ਗੁਰ ਕੀ ਸੇਵਾ ਸੋ ਜਨੁ ਪਾਏ॥
ਜਾ ਕਉ ਕਰਮਿ ਲਿਖਿਆ ਧੁਰਿ ਆਏ॥੪॥੧॥੯੯।।

(ਮਲਾਰ ਮਹਲਾ ੫,੧੨੭੦)

ਭਾਵ ਗੁਰ ਸਤਿਗੁਰੂ ਦੀ ਸੇਵਾ ਤਿਸੇ ਜਨ ਵਡਭਾਗੇ ਨੂੰ ਹੀ ਪ੍ਰਾਪਤਿ ਹੁੰਦੀ ਹੈ। ਗੁਰੂ ਕਾ ਸਿਖ ਬਣਨ ਦਾ ਸੁਭਾਗ ਤਿਸੇ ਨੂੰ ਹਾਸਲ ਹੁੰਦਾ ਹੈ ਜਿਸ ਦੇ ਕਰਮਾਂ ਵਿਚਿ ਧੁਰੋਂ ਹੀ ਲੇਖੁ ਲਿਖਿਆ ਹੁੰਦਾ ਹੈ। ਕਈਆਂ ਜਨਮਾਂ ਦੀ ਨੇਕ ਕਮਾਈ ਕਰ ਕੇ ਗੁਰੂ ਘਰ ਵਿਚਿ ਜਨਮ ਲਈਦਾ ਹੈ ਅਤੇ ਸਤਿ ਸੰਗਤਿ ਵਿਚਿ ਵਾਸਾ ਹੁੰਦਾ ਹੈ ਅਰਥਾਤ ਸਤਿ ਸੰਗਤਿ ਕਰ ਕੇ ਅਤੇ ਨਿਸਕਾਮ ਸੇਵਾ ਸੰਗਤ ਦੀ ਕਰ ਕੇ ਗੁਰਮਤਿ ਨਾਮ ਰੂਪੀ ਗੁਰ ਦੀਖਿਆ ਪ੍ਰਾਪਤੀ ਦਾ ਪਾਤਰ ਬਣੀਦਾ ਹੈ। ਯ: ਗੁ:-

ਗੁਰ ਕੀ ਸੇਵਾ ਸੋ ਜਨੁ ਪਾਏ॥
ਜਾ ਕਉ ਕਰਮਿ ਲਿਖਿਆ ਧੁਰਿ ਆਏ॥੪॥੧॥੧੯॥

(ਮਲਾਰ ਮਹਲਾ ੫)

ਜਿਸ ਦੇ ਮੱਥੇ ਤੇ ਧੁਰਿ ਕਰਤੇ ਪੁਰਖ ਵਲੋਂ ਲਿਲਾਟੀ ਲੇਖ ਲਿਖਿਆ ਹੁੰਦਾ ਹੈ ਤਿਸੇ ਨੇ ਹੀ ਗੁਰੂ ਦੁਆਰਿਓਂ ਗੁਰ ਦੀਖਿਆ ਪ੍ਰਾਪਤੀ ਕਰ ਕੇ ਅਤੇ ਗੁਰਮਤਿ ਨਾਮ ਗੁਰ ਮੰਤਰ ਦੀਆਂ ਅਥਾਹ ਅਭਿਆਸ ਕਮਾਈਆਂ ਕਰ ਕੇ ਗੁਰੂ ਦਰਸਾਈ ਵਾਹਿਗੁਰੂ ਦੀ ਜਗੰਨੀ ਜੋਤਿ ਦੀ ਕਿਰਨ ਰਿਦੰਤਰਿ ਜਗਾਈ ਹੈ। ਇਹ ਜੋਤਿ ਜਗੰਨੀ ਕਿਰਨ ਕਣੀ ਕੀ ਹੈ ? ਗੁਰੂ ਸਤਿਗੁਰੂ ਵਾਹਿਗੁਰੂ ਦੇ ਜੋਤਿ ਕਿਰਨੇ ਚਰਨ ਦਾ ਰਿਦੰਤਰਿ ਪਰਕਾਸ਼ ਹੈ। ਜੋਤਿ ਕਿਰਨ ਦਾ ਪਹਿਲਾ ਟਿਮਟਿਮਾਉ ਹੀ ਨਿਰੰਕਾਰੀ ਦਿੱਬ ਲਤੀਫੀ ਚਰਨ ਦਾ ਰਿਦੰਤਰੀ ਨਿਰੰਤਰੀ ਟਿਕਾਉ ਹੈ। ਐਸਾ ਚਰਨ ਕੰਵਲੀ ਚਰਾਗ਼ ਜੋਤਿ ਪ੍ਰਕਾਸ਼ੀ ਗੁਰਮੁਖਾਂ ਨੇ ਜਗਾ ਕੇ ਉਰ ਅੰਤਰਿ ਧਰਿਆ ਹੋਇਆ ਹੁੰਦਾ ਹੈ। ਯ: ਗੁ:-

ਮਸਤਕਿ ਲਿਲਾਟ ਲਿਖਿਆ ਧੁਰਿ ਠਾਕੁਰਿ
ਗੁਰ ਸਤਿਗੁਰ ਚਰਨ ਉਰਿਧਰਿਆ॥੧॥੪॥੧॥

(ਕਾਨੜਾ ਚਉਪਦੇ ਮਹਲਾ ੪)

ਐਸੇ ਜੋਤਿ ਚਰਾਗ਼ੀ ਜਨ ਹੀ ਰਸ-ਜੋਤਿ ਰਸਾਈ ਪ੍ਰੀਤਿ ਦੇ ਰਸੀਏ ਜੋਤਿ ਰਸ ਬੇਧਾਈ ਤੀਰ ਪ੍ਰੀਤਿ ਦੇ ਬੇਧੇ ਹੋਏ ਪ੍ਰੇਮ ਗੁੱਨ੍ਹਣੀ ਵਿਚਿ ਗੀਧੇ (ਗੁੰਨ੍ਹੇ) ਹੋਏ ਅਨ ਦਿਨੁ ਰਸਿ ਕੀਰਤਨ ਆਨੰਦੀ ਗੁਣ ਗਾਵੰਦੇ ਹਨ। ਗੁਣ ਗਾਉਂਦੇ ਕੀਰਤਨਾਉਂਦੇ ਕਦੇ ਥਕਦੇ ਅਕਦੇ ਨਹੀਂ। ਐਸਾ ਕੀਰਤਨ ਅਨੰਦੀ ਉਮਾਹਾ ਭੀ ਓਹਨਾਂ ਦੇ ਪੂਰਬਲੇ ਕਰਮਾਂ ਵਿਚਿ ਧੁਰੋਂ ਲਿਖਿਆ ਚਲਿਆ ਆਉਂਦਾ ਹੈ।

ਨਾਨਕ ਅਨਦਿਨੁ ਗੁਣ ਉਚਰੈ
ਜਿਨ ਕਉ ਧੁਰਿ ਲਿਖਿਆ ਹੋਇ॥

ਪੂਰਬਲਾ ਕਰਮ ਅੰਕੂਰੀ ਕੋਈ ਸ਼ੁਭ ਕਰਮ ਅੰਕੂਰ ਜਾਗਿਆ ਹੋਵੇ ਤਾਂ ਗੁਰੂ ਘਰ ਦਾ ਸਤਿਸੰਗੁ ਮਿਲਦਾ ਹੈ ਅਤੇ ਐਸੇ ਸਤਿਸੰਗੀ ਗੁਰਮੁਖ ਜਨਾਂ ਦੇ ਸੰਗਿ ਮਿਲ ਕੇ ਸੋਹਦੇ ਸਤਿਸੰਗ ਅਸਥਾਨ ਗੁਰ ਦੀਵਾਨ ਵਿਖੇ ਬੈਠ ਕੇ ਕੀਰਤਨ ਕਰਨ ਦਾ ਅਵਸਰ ਬਝਦਾ ਹੈ ਤੇ ਬੱਝਿਆ ਹੀ ਰਹਿੰਦਾ ਹੈ। ਕਲਜੁਗ ਵਿਖੇ ਹਰੀ ਗੁਣ ਗਾਵਣਾ ਹਰਿ ਕੀਰਤਨ ਕਰਨਾ ਹੀ ਕਲਿਆਣਕਾਰੀ ਹੈ। ਸੋ ਕਰਮਾਂ ਨਾਲਿ ਹੀ ਲਭਦਾ ਹੈ। ਯਥਾ ਗੁਰਵਾਕ :-

ਕਰਮੁ ਹੋਵੈ ਸਤਿਸੰਗਿ ਮਿਲਾਏ॥
ਹਰਿ ਗੁਣ ਗਾਵੈ ਬੈਸਿ ਸੁ ਥਾਏ॥੪॥੩॥੨੩॥

(ਗਉੜੀ ਗੁਆਰੇਰੀ ਮ: ੩)

੪-ਪੂਰਬਲੇ ਪੁੰਨ ਕਰਮ

ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ॥
ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ॥
ਨਾਨਕ ਜੋ ਨਾਮ ਰਤੇ ਤਿਨ ਕਉ ਬਲਿਹਾਰੀ॥



www.AKJ.Org

ਭਾਵ ਜਿਨਾਂ ਦੇ ਕਰਮ ਲਿਖੋਤੇ ਪੂਰਬ ਪੁੰਨ ਖਾਤੇ ਅੰਦਰਿ ਧੁਰੋਂ ਪੁੰਨ ਕਰਮ ਜਮਾਂ ਹੋਇਆ ਹੁੰਦਾ ਹੈ, ਸੋਈ ਜਨ ਗੁਰਮਤਿ ਗਿਆਨ ਦੇ ਅਧਿਕਾਰੀ ਅਤੇ ਸੱਚੇ ਗਿਆਨ ਬੀਚਾਰੀ ਇਸ ਜਨਮ ਵਿਚਿ ਕੁਦਰਤੋਂ ਹੀ ਗੁਰੂ ਘਰ ਵਿਚਿ ਆ ਕੇ ਪ੍ਰੰਕਰਦੇ ਹਨ। ਸੋਈ ਗੁਰਮੁਖਿ ਜਨ "ਗੁਰ ਗਿਆਨ ਪਦਾਰਥ ਨਾਮ" ਦੇ ਅਭਿਆਸਾਚਾਰੀ ਬਣਦੇ ਹਨ ਜਿਨਾਂ ਦੇ ਸੁਭ ਕਰਮੀ ਪੂਰਬਲੇ ਖਾਤੇ ਖਜ਼ਾਨੇ ਰੂਪੀ ਲਿਖਤ ਪੋਤੇ ਅੰਦਰਿ ਪੁੰਨ ਦੀ ਪਰਬਲ ਉੱਗਰਤਾ ਹੁੰਦੀ ਹੈ, ਤਿਨਾਂ ਦੀ ਹਉਮੈ ਮਰਦੀ ਹੈ। ਸੋਈ ਜਨ ਹਉਮੈ ਮਾਰ ਕੇ ਨਿਰਮਾਣ ਗੁਰਮੁਖ ਭਗਤ ਜਨਾਂ ਵਾਲੀਆਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਦੇ ਹਨ। ਐਸੇ ਨਾਮ ਰਤੇ ਸਿਖ ਗੁਰਮੁਖਿ ਭਗਤ ਜਨਾਂ ਤੋਂ ਗੁਰੂ ਨਾਨਕ ਸਾਹਿਬੁ ਘੋਲ ਘੁਮਾਈਆਂ ਹੁੰਦੇ ਹਨ। ਦੇਖੋ ਨਾਮ ਅਭਿਆਸ ਕਮਾਈਆਂ ਵਾਲੇ ਪੁੰਨ ਕਰਮੀ ਗੁਰ ਸਿਖਾਂ ਦਾ ਕਿਤਨਾ ਵਡਾ ਵਡ ਫਜ਼ੀਲਤੀ ਮਰਤਬਾ ਹੈ, ਜਿਨਾਂ ਤੇ ਕਿ ਖੁਦ ਗੁਰੂ ਸਾਹਿਬ ਭੀ ਵਾਰੇ ਘੋਲੇ ਜਾਂਦੇ ਹਨ। ਏਦੂੰ ਵਧੇਰੇ ਹੋਰ ਪੁੰਨ ਕਰਮੀਂ ਕਉਣ ਹੋ ਸਕਦਾ ਹੈ। ਤਾਂ ਤੇ ਨਾਮ ਅਭਿਆਸ ਦੀਆਂ ਕਮਾਈਆਂ ਵਿਟਹੁੰ ਸਾਨੂੰ ਵਧ ਵਧ ਕੇ ਬੜ੍ਹ ਚੜ੍ਹ ਕੇ ਅਤੇ ਬਿੰਦ ਬਿੰਦ ਚੁਖ ਚੁਖ ਹੋ ਕੇ, ਕੁਰਬਾਨ ਹੋਣਾ ਚਾਹੀਦਾ ਹੈ। ਮੇਹਰਬਾਨ ਵਾਹਿਗੁਰੂ ਦੇ ਨਾਮ ਲੈਣ ਵਾਲਿਆਂ ਤੋਂ ਗੁਰੂ ਸਦ ਕੁਰਬਾਨੇ ਜਾਂਦੇ ਹਨ। ਐਸੇ ਨਾਮ ਦੇ ਦਾਤੇ ਮੇਹਰਬਾਨ ਸਤਿਗੁਰੂ ਤੋਂ ਸਾਨੂੰ ਕਿਤਨਾ ਕੁ ਕੁਰਬਾਨ ਹੋਣਾ ਚਾਹੀਦਾ ਹੈ ਜਿਸ ਦਾ ਅੰਤੁ ਹਿਸਾਬ ਨਹੀਂ। ਗੁਰੂ ਮੇਹਰਬਾਨ ਦੇ ਫੁਰਮਾਨ ਦਾ ਆਗਿਆਕਾਰੀ ਹੋਣਾ ਅਤੇ ਹੁਕਮ ਰਜਾਈ ਸਾਹਿਬ ਦੇ ਸਭ ਤੋਂ ਵਡੇ ਅਤੇ ਸ੍ਰੇਸ਼ਟ ਹੁਕਮ ਦਾ ਅਨੁਸਾਰੀ ਹੋਣਾ ਹੀ ਗੁਰ ਸਿਖਾਂ ਦੀ ਪੁੰਨ ਲੇਖੇ ਪੈਣ ਵਾਲੀ ਕੁਰਬਾਨੀ ਹੈ। ਸਾਹਿਬ ਦਾ ਸਰਬੋਤਮ ਹੁਕਮ ਜੋ ਸਤਿਗੁਰਾਂ ਦੁਆਰੇ ਸਿਖਾਂ ਪ੍ਰਤੀ ਸੂਚਤ ਹੋਇਆ ਹੈ ਉਹ ਹੈ ਨਾਮ ਜਪਣਾ ਅਤੇ ਗੁਰਬਾਣੀ ਦ੍ਰਿੜਾਏ ਆਸ਼ੇ ਅਨੁਸਾਰ ਜਪਣਾ, ਤੇ ਜਪੀ ਜਾਣਾ। ਐਸਾ ਜਪਣਾ ਕਿ ਜਪਿ ਜਪਿ ਕੇ ਨਾਮੀ ਵਾਹਿਗੁਰੂ ਨਾਲਿ ਤਦ ਰੂਪ ਹੀ ਹੋ ਜਾਣਾ। ਗੁਰਮੁਖਾਂ ਨੂੰ ਹੀ ਇਹ ਵਡਿਆਈ ਮਿਲਦੀ ਹੈ। ਮਨਮੁਖ ਮੂੜ੍ਹ ਅਗਿਆਨੀਆਂ ਦਾ ਮਾਇਆ ਚਿਤਵਾਸ ਹੀ ਉਲਟਾ ਅਭਿਆਸ ਹੈ। ਓਹ ਤਾਂ ਅਹਿਨਿਸਿ ਮਾਇਆ ਦੀਆਂ ਚਿਤਵਨੀਆਂ ਹੀ ਚਿਤਵਦੇ ਰਹਿੰਦੇ ਹਨ। ਓਹ ਮੂੜ ਅਗਿਆਨੀ ਇਕ ਨਿਮਖ ਭੀ ਨਾਮ ਚਿਤਵਨੀ ਦੇ ਸ਼ੁਭ ਪਾਸੇ ਨਹੀਂ ਆਉਂਦੇ । ਨਾਮ ਬਿਨਾਂ ਤਿਨ੍ਹਾਂ ਦਾ ਦੁਖਾਂ ਵਿਚਿ ਹੀ ਨਿਵਾਸ ਰਹਿੰਦਾ ਹੈ। ਸਚਾ ਸੁਖ ਦਾਤਾ ਗੁਰਮਤਿ ਗਿਆਨੁ (ਨਾਮ ਅਭਿਆਸ) ਹੈ। ਤਿਸ ਪਾਸੇ ਕੋਈ ਗੁਰਮੁਖ ਜਨ ਹੀ ਲਗਦੇ ਹਨ। ਓਹੀ ਗੁਰਮੁਖ ਜਨ ਹੀ ਲਗਦੇ ਹਨ ਜਿਨਾਂ ਦੇ ਪੁੰਨ ਕਰਮਾਂ ਵਿਚਿ ਧੁਰੋਂ ਲਿਖਿਆ ਹੋਇਆ ਹੁੰਦਾ ਹੈ। ਯਥਾ ਗੁਰਵਾਕ :-

ਬਿਨੁ ਨਾਵੈ ਸਭ ਦੂਖ ਨਿਵਾਸੁ॥
ਮਨਮੁਖ ਮੂੜ ਮਾਇਆ ਚਿਤ ਵਾਸੁ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ॥੭॥੯॥੩॥

(ਗਉੜੀ ਗੁਆਰੇਰੀ ਮਹਲਾ ੧)

ਗੁਰਮੁਖਿ ਗਿਆਨੁ ਆਨਮਤ ਗਿਆਨਾਂ ਨਾਲੋਂ ਐਸਾ ਹੀ ਵਿਲੱਖਣ ਹੈ ਜੈਸਾ ਕਿ ਗੁਰਮਤਿ ਕਰਮੁ ਆਨਮਤ ਕਰਮਾਂ ਨਾਲੋਂ ਵਿਲਖਣ ਹੈ, ਇਸ ਦਾ ਵਿਸ਼ੇਸ਼ ਨਿਰਣਾ ਅਗੇ ਹੋਵੇਗਾ।

ਨਾਮ ਨਾਲਿ ਸਹਜ ਧਿਆਨ ਲਗਣਾ ਗੁਰੂ ਘਰ ਦੇ ਵਿਰਸੇ ਵਿਚਿ ਹੀ ਆਇਆ ਹੈ। ਜਿਨ੍ਹਾਂ ਨੇ ਪੂਰਬਲੇ ਪੁੰਨ ਕਰਮਾਂ ਕਰ ਕੇ ਸਤਿਗੁਰੂ ਨੂੰ ਪਾਇਆ ਹੈ। ਸਤਿਗੁਰੂ ਦਾ ਪਾਉਣਾ ਪੂਰਬਲੇ ਪੁੰਨ ਕਰਮਾਂ ਦਾ ਹੀ ਅੰਕੁਰ ਹੈ। ਐਸੇ ਪੁੰਨ ਕਰਮੀ ਗੁਰਮੁਖਾਂ ਦੀ ਸੰਗਤ ਵਿਚਿ ਮਿਲ ਰਹਿਣ ਦਾ ਸੁਭਾਗ ਭੀ ਪੁੰਨ ਕਰਮੀ ਸਤਿਸੰਗੀਆਂ ਨੂੰ ਹੀ ਪ੍ਰਾਪਤਿ ਹੁੰਦਾ ਹੈ। ਜਿਨ੍ਹਾਂ ਦੀ ਸਤਿ ਸੰਗਤ ਵਿਚਿ ਮਿਲੇ ਰਹਿਣ ਦੇ ਪਰਤਾਪ ਨਾਲਿ ਦਰਗਹਿ ਮਾਨੁ ਪਾਈਦਾ ਹੈ। ਯਥਾ ਗੁਰਵਾਕ :-

ਕਰਮੀ ਸਤਿਗੁਰ ਪਾਈਐ ਅਨਦਿਨੁ ਲਗੈ ਧਿਆਨੁ॥
ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ॥

(ਗਉੜੀ ਕੀ ਵਾਰ ਮਹਲਾ ੪)

ਧੰਨ ਗੁਰੂ ਚਉਥੀ ਪਾਤਸ਼ਾਹੀ ! ਕੇਵਲ ਵਡਾ ਅਸ਼ਤਿਆਕ ਜ਼ਾਹਰ ਕੀਤਾ ਹੈ, ਪੁੰਨ ਕਰਮੀ ਸਤਿਸੰਗੀ ਜਨਾਂ ਦੀ ਸੰਗਤਿ ਵਿਚਿ ਮਿਲੇ ਰਹਿਣ ਦਾ। ਆਹਾ! ਗੁਰੂ ਸਾਹਿਬ ਖ਼ੁਦ ਸ਼ੌਕ ਸ਼ੌਕਾਉਂਦੇ ਹਨ ਅਤੇ ਨਿਜ ਸ਼ੌਕ ਸ਼ੌਕਾਇ ਕੇ ਗੁਰ ਸਿਖਾਂ ਦਾ ਸ਼ੌਕ ਵਧਾਉਂਦੇ ਹਨ। "ਤਿਨ ਕੀ ਸੰਗਤਿ ਮਿਲਿ ਰਹਾ" ਸਚ ਮੁਚ ਗੁਰੂ ਸਚੇ ਪਾਤਸ਼ਾਹ ਗੁਰ ਸੰਗਤ ਵਿਚਿ ਪਰਤੱਖ ਹੁੰਦੇ ਹਨ ਅਤੇ ਪਰਤੱਖ ਵਰਤਦੇ ਹਨ। ਦਿਬ ਲਤੀਫੀ ਨਦਰਿ ਦ੍ਰਿਸਟੀ ਵਾਲੇ ਗੁਰਸਿਖਾਂ ਗੁਰਮੁਖ ਜਨਾਂ ਨੂੰ ਤਾਂ ਪਰਤੱਖ ਦੀਂਹਦੇ ਹਨ। ਗੁਰ ਸੰਗਤਿ ਵਿਚਿ ਨਿਰਬਾਣ ਕੀਰਤਨ ਕਰਨ ਵਾਲੇ ਅਖੰਡਾਕਾਰੀ ਸੁਰਤੀਸ਼ਰਾਂ ਨੂੰ ਤਾਂ ਜੋਤੀਸ਼ ਗੁਰੂ ਸਨਮੁਖ ਦੀਦਾਰੇ ਦਿੰਦੇ ਹਨ। ਆਹਾ ਕੈਸਾ ਗੁਰਵਾਕ ਇਸ ਪ੍ਰਥਾਇ ਸਫੁਰਨ ਹੋ ਕੇ ਸੁਘਟਤ ਹੋਇਆ ਹੈ :-

ਜਿਨੁ ਕਉ ਨਾਮੁ ਲਿਖਿਆ ਧੁਰਿ ਲੇਖੁ॥
ਤੇ ਅਨਦਿਨੁ ਨਾਮੁ ਸਦਾ ਧਿਆਵਹਿ


www.AKJ.Org

ਗੁਰ ਪੂਰੇ ਤੇ ਭਗਤਿ ਵਿਸੇਖੁ॥੧॥ ਰਹਾਉ॥
ਜਿਨੁ ਕਉ ਹਰਿ ਪ੍ਰਭੁ ਲਏ ਮਿਲਾਇ ॥
ਤਿਨੁ ਕੀ ਗਹਣ ਗਤਿ ਕਹੀ ਨ ਜਾਇ॥
ਪੂਰੈ ਸਤਿਗੁਰ ਦਿਤੀ ਵਡਿਆਈ॥
ਊਤਮ ਪਦਵੀ ਹਰਿ ਨਾਮਿ ਸਮਾਈ ॥੨॥
ਜੋ ਕਿਛੁ ਕਰੇ ਸੁ ਆਪੇ ਆਪਿ॥
ਏਕ ਘੜੀ ਮਹਿ ਥਾਪਿ ਉਥਾਪਿ॥
ਕਹਿ ਕਹਿ ਕਹਣਾ ਆਖਿ ਸੁਣਾਏ ॥
ਜੇ ਸਉ ਘਾਲੇ ਥਾਇ ਨ ਪਾਏ॥
ਜਿਨੁ ਕੈ ਪੋਤੈ ਪੁੰਨੁ ਤਿਨ੍ਹਾ ਗੁਰੂ ਮਿਲਾਏ ॥
ਸਚੁ ਬਾਣੀ ਗੁਰੁ ਸਬਦੁ ਸੁਣਾਏ ॥੪॥੫॥੧੧॥੫੦॥

(ਆਸਾ ਮਹਲਾ ੩ ਪੰਚਪਦੇ ੩੬੪)

ਭਾਵ :- ਜਿਨਾਂ ਦੇ ਲੇਖ ਸੁਲੇਖਾਂ ਵਿਚਿ ਧੁਰੋਂ ਪੂਰਬਲੇ ਜਨਮ ਦੇ ਪੁੰਨ ਕਰਮਾਂ ਦੇ ਪ੍ਰਭਾਵ ਕਰਿ ਗੁਰਮਤਿ ਨਾਮ ਜਪਣ ਦਾ ਸੁਲੇਖ ਲਿਖਿਆ ਹੋਇਆ ਹੁੰਦਾ ਹੈ ਸੋ ਜਨ ਇਸ ਜਨਮ ਵਿਚਿ ਪੂਰੇ ਗੁਰੂ (ਸਤਿਗੁਰੂ ਨਾਨਕ) ਦੇ ਘਰੋਂ ਵਿਸ਼ੇਸ਼ (ਵਿਲਖਨ) ਗੁਰਮਤਿ ਪ੍ਰੇਮਾ ਭਗਤੀ ਦੀ ਦਾਤਿ ਪ੍ਰਾਪਤਿ ਕਰ ਕੇ ਨਾਮ ਧਿਆਨ ਰੂਪੀ ਅਭਿਆਸ ਕਮਾਈ ਵਿਚਿ ਦਿਨ ਰਾਤਿ ਸਦ ਸਦਾ ਅਤੇ ਸੁਆਸਿ ਸੁਆਸਿ ਜੁਟੇ ਰਹਿੰਦੇ ਹਨ। ਗੁਰਮਤਿ ਨਾਮ ਦੀ ਇਸ ਅਥਾਹ ਅਭਿਆਸ ਕਮਾਈ ਦਾ ਸਦਕਾ ਏਸੇ ਜਨਮ ਵਿਖੇ ਹੀ ਵਾਹਿਗੁਰੂ ਓਹਨਾਂ ਨੂੰ ਅਪਣੇ ਨਾਲਿ ਮਿਲਾ ਲੈਂਦਾ ਹੈ। ਅਪਣੇ ਸ੍ਵੈ ਸਰੂਪ ਵਿਚਿ ਮਿਲਾ ਲੈਂਦਾ ਹੈ। ਅਜੇਹੇ ਵਿਸ਼ੇਸ਼ ਕਰਮੀ ਵਡਿਭਾਗੇ ਗੁਰਮੁਖ ਜਨਾਂ ਦੀ ਗਹਿਣ ਗਤੀ ਕਹੀ ਕਥੀ ਨਹੀਂ ਜਾਂਦੀ। ਇਸ ਵਡ ਭਾਗ ਅਤੇ ਸਚੀ ਵਡਿਆਈ ਦੀ ਬਖਸ਼ਸ਼ ਓਹਨਾਂ ਨੂੰ ਪੂਰੇ ਸਤਿਗੁਰੂ (ਗੁਰੂ ਨਾਨਕ) ਦੇ ਦੁਆਰਿਓਂ (ਦਰੋਂ ਘਰੋਂ) ਹੀ ਹੁੰਦੀ ਹੈ। ਹੋਰ ਕਿਤੋਂ ਨਹੀਂ। ਵਾਹਿਗੁਰੂ ਅਤੇ ਵਾਹਿਗੁਰੂ ਦੇ ਨਾਮ ਵਿਚਿ ਸਮਾਈ ਵਾਲੀ ਉਤਮ ਪਦਵੀ ਦੇ ਪਰਦਾਨ ਕਰਨਹਾਰਾ ਉਹ ਆਪੇ ਆਪਿ ਹੈ। ਇਸ ਵਿਚਿ ਹੋਰ ਕਿਸੇ ਦਾ ਹਥ ਨਹੀਂ। ਜਿਸਨੂੰ ਚਾਹੇ ਵਿਸ਼ੇਸ਼ ਗੁਰਮਤਿ ਨਾਮ ਭਗਤੀ ਦੀ ਥਾਪਨਾ ਦੇ ਕੇ ਅਪਣੇ ਸਰੂਪ ਵਿਚਿ ਮਿਲਾਇ ਲੈਣ ਦੀ ਉਚ ਥਾਪਨਾ ਵਾਲੀ ਉਤਮ ਤੇ ਪਰਮ ਪਦਵੀ ਪਰਦਾਨ ਕਰੇ। ਆਪੋਂ ਕੋਈ ਇਸ ਉਤਮ ਦਾਤਿ ਅਤੇ ਉਚ ਪਦਵੀ ਨੂੰ ਪ੍ਰਾਪਤਿ ਨਹੀਂ ਹੋ ਸਕਦਾ। ਕਹਿਣ ਮਾਤਰ ਭਾਵੇਂ ਬਥੇਰਾ ਕਥਨੀ ਕਰਦਾ ਫਿਰੇ ਅਤੇ ਲੋਕਾਂ ਨੂੰ ਸੁਣਾਉਂਦਾ ਫਿਰੇ ਕਿ ਮੈਨੂੰ ਆਪੇ ਹੀ ਸਭ ਕੁਛ ਮਿਲਿਆ ਹੈ। ਸਤਿਗੁਰੂ ਦੀ ਸਹਾਇਤਾ ਬਾਝਹੁੰ ਉਸ ਦੀ ਨਦਰ ਕਰੰਮੀ ਮੇਹਰ ਬਾਝੰਹੁ ਮਨਮੁਖੀ ਅਨਮਤੀ ਪੁਰਸ਼ ਅਪਦੀ ਮਨਮਤ ਅਧੀਨੀ ਅਤੇ ਪ੍ਰਾਧੀਨੀ ਸਉ ਘਾਲਾਂ ਘਾਲਦਾ ਫਿਰੇ। ਉਸ ਦੀ ਮਨਮਤੀ ਅਤੇ ਕੁਮੱਤੀ ਘਾਲ ਇਕ ਭੀ ਥਾਇਂ ਨਹੀਂ ਪੈਂਦੀ। ਸਭ ਘਾਲਾਂ ਅਜਾਈ ਜਾਂਦੀਆਂ ਹਨ। ਜਿਨਾ ਦੇ ਪੋਤੇ ਪੁੰਨ ਹੁੰਦਾ ਹੈ ਪਿਛਲੀ ਪੂਰਬਲੀ ਲਿਖਤਕਾਰ ਦਾ ਤਿਨਾਂ ਨੂੰ ਕਰਮ ਬਿਧਾਤਾ ਵਾਹਿਗੁਰੂ ਨਦਰੀ ਨਦਰਿ ਨਿਹਾਲਣਾ ਓਨਾਂ ਨੂੰ ਗੁਰਬਾਣੀ ਦੀ ਪਾਣ ਚਾੜ੍ਹ ਕੇ ਗੁਰਦੀਖਿਆ ਰੂਪੀ ਤੱਤ ਮਤਿ ਸਰੂਪ ਸ਼ਬਦ ਗੁਰਮੰਤ੍ਰ ਸੁਣਾਉਂਦਾ ਦ੍ਰਿੜਾਉਂਦਾ ਹੈ।

ਇਸ ਗੁਰਦੀਖਿਆ ਰੂਪੀ ਗੁਰਮੰਤ੍ਰ ਲੈਣ ਲਈ ਸੋਈ ਗੁਰਮੁਖ ਸਿਖ ਗੁਰੂ ਪਾਸ ਗੁਰੂ ਰੂਪ ਪੰਜਾਂ ਪਿਆਰਿਆਂ ਪਾਸ ਜਾਂਦੇ ਹਨ ਜਿਨਾਂ ਦੇ ਪੂਰਬ ਲਿਖਤਕਾਰ ਪੋਤੇ ਵਿਚਿ ਪੁੰਨ ਕਰਮ ਲਿਖਿਆ ਹੁੰਦਾ ਹੈ। ਓਹਨਾਂ ਨੂੰ ਓਥੋਂ ਗੁਰਮਤਿ ਨਾਮ ਮਿਲਦਾ ਹੈ ਅਤੇ ਨਾਮ ਅਭਿਆਸ ਓਥੋਂ ਹੀ ਦ੍ਰਿੜ ਹੁੰਦਾ ਹੈ ਜਿਸ ਕਰ ਕੇ ਓਹ ਨਾਮ ਦੀਆਂ ਅਤੁਟ ਅਭਿਆਸ ਕਮਾਈਆਂ ਕਰਨ ਲਗ ਪੈਂਦੇ ਹਨ। ਹਰ ਛਿਨ ਸੁਆਸਿ ਸੁਆਸਿ ਊਠਤ ਬੈਠਤ ਸੋਵਤ ਜਾਗਤ ਹਰ ਘੜੀ, ਹਰ ਸਾਇਤ, ਪਲ ਨਾਮ ਦਾ ਹੀ ਉਚਾਰਨ ਕਰਦੇ ਹਨ। ਇਕ ਛਿਨ ਭੀ ਨਹੀਂ ਵਿਸਰਦੇ। ਐਸੇ ਨਾਮ ਅਭਿਆਸ ਕਮਾਈਆਂ ਕਰਨ ਵਾਲਿਆਂ ਦੇ ਕਰਮ ਧਰਮ ਕਾਰਜ ਸਭ ਸੁਤੇ ਹੀ ਪਵਿਤ੍ਰ ਅਤੇ ਗੁਰਮਤਿ ਅਨਕੂਲੀ ਹੁੰਦੇ ਹਨ। ਗੁਰਮਤਿ ਬਿਪਰਜੇ ਕਾਈ ਕਰਮ ਧਰਮ ਯਾ ਕਾਰਜ ਓਹਨਾਂ ਤੋਂ ਹੁੰਦਾ ਹੀ ਨਹੀਂ। ਯਥਾ ਗੁਰਵਾਕ :-

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰ ਸਾਤੇ॥
ਜਿਨ ਕੈ ਪੋਤੈ ਪੁੰਨ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ॥

(ਪਉੜੀ ੧੬ ਵਾਰ ਸੋਰਠ)

ਗੁਰੂ ਘਰ ਦੀ ਸਤਿ ਸੰਗਤਿ ਵਿਚਹੁੰ ਹੀ ਨਾਮ ਨਿਧਾਨੁ ਮਿਲਦਾ ਹੈ ਅਤੇ ਏਥਹੁੰ ਹੀ (ਨਾਮ ਨਿਧਾਨ ਮਿਲਣ ਕਰ ਕੇ) ਨਾਮੀ ਵਾਹਿਗੁਰੂ ਪਾਈਦਾ ਹੈ। ਘਟ ਵਿਖੇ ਹੀ ਗੁਪਤੋਂ ਪਰਗਟ ਹੋ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਦੀ ਬਰਕਤ ਕਰ ਕੇ। ਪਰਗਟ ਹੋਣ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਹਿਰਦੇ ਘਟ ਅੰਦਰਿ ਜੋਤਿ ਪ੍ਰਕਾਸ਼ੀ ਚਾਨਣਾ ਹੋ ਜਾਂਦਾ ਹੈ। ਅਤੇ ਸਾਰਾ ਤਿਮਰ ਅਗਿਆਨ ਅੰਧੇਰ ਗੰਵਾਇਆ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਕੇਵਲ ਸਤਿਗੁਰੂ ਦੇ ਪ੍ਰਸਾਦ ਕਰਿ ਹੀ ਐਸਾ ਅਸਚਰਜ ਕਉਤਕ ਵਰਤਦਾ ਹੈ। ਜਿਸ ਵਾਹਿਗੁਰੂ ਨਿਰੰਕਾਰ ਨੂੰ


www.AKJ.Org

ਅਗਾਧ ਬੋਧ ਸੁਣੀਦਾ ਹੈ ਜੋ ਸਾਰੇ ਮਤ ਮਤਾਂਤਰ ਆਨਮਤ ਗਿਆਨ ਤੋਂ ਅਗੋਚਰਾ ਹੈ ਸੋ ਗੁਰ ਪ੍ਰਸਾਦਿ ਕਰਿ ਗੁਰਮਤਿ ਤੱਤ ਗਿਆਨ ਦੀ ਅਗਾਧ ਕਿਰਪਾ ਕਰਿ ਰਿਦੰਤਰਿ ਹੀ ਆਇ ਵੁਠਦਾ ਹੈ। ਸਤਿਗੁਰੂ ਆਪਿ ਅਦੰਰ ਪ੍ਰਵੇਸ਼ ਕਰਾ ਦਿੰਦਾ ਹੈ। ਜਿਸ ਦੇ ਅਦੰਰਿ ਪ੍ਰਵੇਸ਼ ਕਰਨ, ਵੁਠਣ ਕਰਿ ਜੋਤਿ ਜਲਵੀ ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਅਨ੍ਹੇਰੇ ਦਾ ਨਮੂਦ ਮਾਤਰ ਭੀ ਨਹੀਂ ਰਹਿੰਦਾ। ਸਤਿਗੁਰੂ ਦੀ ਨਦਰ ਮੇਹਰੀ ਦਾਤਿ ਕਰਿ ਨਾਮ ਦੀਆਂ ਕਮਾਈਆਂ ਵਾਲੇ ਗੁਰਮੁਖ ਜਨਾਂ ਪੰਜਾਂ ਪਿਆਰਿਆਂ ਦੁਆਰਾ ਪਰਵੇਸ਼ ਹੋਇਆ ਗੁਰ ਦੀਖਤੀ ਨਾਮ ਪਾਰਸ ਰੂਪ ਹੈ। ਪਾਰਸ ਕਲਾ ਸਪੰਨ ਹੈ। ਅਮਰੋਂ ਹੀ ਗੁਰਮਤਿ ਨਾਮ ਨੂੰ ਪਾਰੁਜਾਤੀ ਅੰਮ੍ਰਿਤ ਕਲਾ ਪ੍ਰਾਪਤਿ ਹੈ। ਕਾਇਆਂ ਕਲਪਨੀ ਪਾਰਸ ਕ੍ਰਿਸ਼ਮਨੀ ਕੁਦਰਤੀ ਚੰਭੁਕਤ ਹੈ, ਜਿਸਦੇ ਚੰਭੁਕ ਕ੍ਰਿਸ਼ਮੇ ਦੁਆਰਾ (ਪਾਰਸ ਪਰਸਿਆ) ਮਨੂਰੋਂ ਕੰਚਨ ਹੋ ਜਾਈਦਾ ਹੈ। ਐਸੀ ਪਾਰਸ ਪ੍ਰਭਾ ਵਾਲਾ ਨਾਮ ਕੇਵਲ ਗੁਰੂ ਨਾਨਕ ਦਸਮੇਸ਼ ਸਾਹਿਬ ਦੇ ਘਰੋਂ ਖੰਡੇ ਦਾ ਅੰਮ੍ਰਿਤ ਛਕ ਕੇ ਨਿਗੁਰਿਓਂ ਸਗੁਰਾ ਹੋਣ ਕਰਿ ਹੀ ਮਿਲਦਾ ਹੈ। ਅਤੇ ਇਤਿ ਬਿਧਿ ਨਾਮ ਦੀ ਪ੍ਰਾਪਤੀ ਹੋਣ ਕਰਿ ਹੀ ਨਾਮ ਦੀ ਅਭਿਆਸ ਕਮਾਈ ਹੋ ਸਕਦੀ ਹੈ। ਐਸੀ ਪਾਰਸ ਸ਼ਕਤਨੀ ਨਾਮ ਕਮਾਈ ਜਿਸ ਦੇ ਪਾਰਸ ਪ੍ਰਭਾਵੀ ਪਰਤਾਪ ਕਰਿ ਪਰਤੱਖ ਦਰਸ਼ਨਾਂ ਦੀ ਜੋਤਿ ਪਰਜੁਲਤੀ ਬਿਚੱਖਨਤਾ ਬਿਚੱਛਨ ਹੁੰਦੀ ਹੈ। ਜਿਨਾ ਬਿਚਛਨੀ ਜਨਾਂ ਦੇ ਬੜੇ ਨਿਗਰ ਤਪ ਕਰਮੀ ਪੁੰਨ ਪਲੈ, (ਪੋਤੇ ਵਿਚ) ਹਨ, ਤਿਨਾ ਦੀ ਹੀ ਇਹ ਪਰਮਾਰਥੀ ਜੋਤਿ ਸੁਦਰਸ਼ਨੀ ਭਾਗਾਂ ਵਾਲੀ ਜਾਗ ਖੁਲ੍ਹਦੀ ਹੈ। ਯਥਾ ਗੁਰਵਾਕ :-

ਸਤਿ ਸੰਗਤਿ ਨਾਮੁ ਨਿਧਾਨੁ ਹੈ ਜਿਥਹੁੰ ਹਰਿ ਪਾਇਆ।।
ਗੁਰ ਪ੍ਰਸਾਦੀ ਘਟਿ ਚਾਨਣਾ ਆਨ੍ਹੇਰ ਗਵਾਇਆ।।
ਲੋਹਾ ਪਾਰਸ ਭੇਟੀਐ ਕੰਚਨੁ ਹੋਇ ਆਇਆ।।
ਨਾਨਕ ਸਤਿਗੁਰਿ ਮਿਲਿਐ ਨਾਉ
ਪਾਈਐ ਮਿਲਿ ਨਾਮੁ ਧਿਆਇਆ।।
ਜਿਨਕੈ ਪੋਤੈ ਪੁੰਨੁ ਹੈ ਤਿਨੀ ਦਰਸਨ ਪਾਇਆ।।੧੯।।
(ਵਾਰ ਸਾਰੰਗ)

ਸਾਰਾ ਸੰਸਾਰ ਤ੍ਰੈਗੁਣੀ ਮਾਇਆ ਮੋਹ ਦੇ ਹੜ ਵਿਚਿ ਹੜਿਆ ਰੁੜ੍ਹਿਆ ਜਾ ਰਿਹਾ ਹੈ। ਕੋਈ ਗੁਰੂ ਵਰੋਸਾਇਆ ਗੁਰਮੁਖਿ ਸਜਣ ਹੀ ਮਾਇਆ ਅਤੀਤ ਤੁਰੀਆ ਗੁਣੀ ਚਉਥੇ ਪਦ ਵਿਚਿ ਖੇਡਦਾ ਹੈ। ਮਨਮੁਖਾਂ ਖੁਦਸਰਾਂ ਨੂੰ ਇਹ ਪਦ ਕਦੇ ਪ੍ਰਾਪਤਿ ਨਹੀਂ ਹੋ ਸਕਦਾ। ਕੇਵਲ ਗੁਰਮੁਖਾਂ ਨੂੰ ਹੀ ਇਸ ਪਦ ਦੀ ਪਹੁੰਚ ਹੈ। ਜਿਨ੍ਹਾਂ ਗੁਰਮੁਖਾਂ ਉਤੇ ਅਪਾਰ ਨਦਰ ਮੇਹਰ ਨਦਰਾਲੂ ਮੇਹਰਬਾਨ ਸਾਹਿਬ ਗੁਰੂ ਕਰਤਾਰ ਦੀ ਹੁੰਦੀ ਹੈ ਤਿਨ੍ਹਾਂ ਦੀ ਹੀ ਇਸ ਪਦ ਪੁਗ ਕੇ ਤੋੜਿ ਨਿਭਦੀ ਹੈ। ਕਈਆਂ ਨੂੰ ਸੂਖਛਮ ਹੰਕਾਰ ਹੋ ਜਾਂਦਾ ਹੈ। ਓਹ ਅਪਣੇ ਆਪ ਨੂੰ ਪੁਗਿਆ ਹੋਇਆ ਸਮਝ ਖਲੋਂਦੇ ਹਨ। ਜਿਸ ਹੰਕਾਰ ਦੇ ਕਾਰਨ ਓਹ ਵਿਚਾਲੇ ਹੀ ਕਾਂਪ ਖਾ ਜਾਂਦੇ ਹਨ। ਤੇ ਪੁਗ ਖਲੋਣ ਅਵਸਥਾ ਤੋਂ ਉਰੇਡੇ ਹੀ ਰਹਿ ਜਾਂਦੇ ਹਨ। ਓਹਨਾਂ ਨੂੰ ਗਿਆਨ ਹੋ ਜਾਂਦਾ ਹੈ ਕਿ ਜੋ ਕੁਛ ਜਾਨਣਾ ਹੈ ਅਸੀਂ ਜਾਣ ਖੜੋਤੇ ਹਾਂ। ਸਾਨੂੰ ਪੂਰਨ ਗਿਆਨ ਪ੍ਰਾਪਤਿ ਹੋਇਆ ਹੈ। ਹੁਣ ਸਾਨੂੰ ਸਤਿਸੰਗਤ ਦੀ ਹੀ ਲੋੜ ਨਹੀਂ। ਹਾਲਾਂਕਿ ਗੁਰੂ ਸਾਹਿਬ ਦਾ ਫੁਰਮਾਨ ਹੈ ਜਿਸ ਦੁਆਰਾ ਪਰਮਾਰਥ ਦੇ ਪਾਂਧੀਆਂ ਗੁਰਸਿਖਾਂ ਨੂੰ ਚੁਕੰਨੇ ਕੀਤਾ ਹੈ :-

ਸੁਣਿ ਬਾਵਰੇ ਮਤ ਜਾਣਹਿ ਪ੍ਰਭ ਮੈ ਪਾਇਆ।।
ਸੁਣਿ ਬਾਵਰੇ ਥੀਉ ਰੇਣ ਜਿਨੀ ਪ੍ਰਭ ਧਿਆਇਆ।।

ਗੁਰਸਿਖਾਂ ਨੂੰ ਸਦਾ ਨਿਰਮਾਣ ਰਹਿਣਾ ਸਤਿਗੁਰੂ ਨੇ ਸਿਖਾਇਆ ਹੈ। ਇਸ ਪਰਮਾਰਥੀ ਮਾਣ ਸੂਖਮ ਹੰਕਾਰ ਤੋਂ ਬਚੇ ਰਹਿਣ ਤੋਂ ਹੀ ਸਾਵਧਾਨ ਕੀਤਾ ਹੈ ਕਿ ਮੈਂ ਪਰਮਾਰਥ ਅਤੇ ਪਰਮਾਤਮਾ ਗਿਆਨ ਸਬੰਧੀ ਸਭ ਕੁਛ ਜਾਣ ਲਿਆ ਹੈ। ਜਿਨਾ ਨੇ ਐਸਾ ਬਿਆਨ ਕੀਤਾ ਹੈ,ਉਹਨਾਂ ਅਭਾਗਿਆਂ ਦੀ ਖੜਦੀ ਕਲਾ ਹੋ ਗਈ ਹੈ । ਓਹਨਾਂ ਦੀ ਹਾਲਤ ਬੜੀ ਤਰਸ ਯੋਗ ਹੋ ਜਾਂਦੀ ਹੈ । ਓਹ ਸਤਿਸੰਗਤ ਵਿਚਿ ਜਾਣੋ ਭੀ ਰਹਿ ਖੜੋਂਦੇ ਹਨ। ਐਸੇ ਆਕੀ ਹੋ ਜਾਂਦੇ ਹਨ ਕਿ ਕਹਿੰਦੇ ਹਨ ਸਾਨੂੰ ਸੰਗਤ ਕਰਨ ਦੀ ਲੋੜ ਹੀ ਨਹੀਂ ਰਹੀ। ਸਭ ਤੋਂ ਭੈੜਪੁਣਾ ਇਹ ਵਾਪਰ ਜਾਂਦਾ ਹੈ। ਕਿ ਨਾਮ ਅਭਿਆਸ ਕਰਨੋ ਭੀ ਉਚਾਟ ਹੋ ਜਾਂਦੇ ਹਨ। ਗੁਰਮਤਿ ਦੇ ਉਚ ਪਦ ਤੋਂ ਗੁਮਰਾਹ ਹੋ ਕੇ ਉਹਨਾਂ ਨੂੰ ਇਹ ਬਿਮਾਰੀ ਚਿੰਮੜ ਜਾਂਦੀ ਹੈ ਕਿ ਉਹ ਖਰੜ ਗਿਆਨੀ ਹੋ ਜਾਂਦੇ ਹਨ। ਗੁਰਬਾਣੀ ਦੀਆਂ ਤੁਕਾਂ ਦਾ ਹੀ ਉਲਟਾ ਅਰਥ ਕਰਨ ਲਗ ਜਾਂਦੇ ਹਨ। ਨਾਮ ਦੇ ਅਭਿਆਸ ਨੂੰ ਉਹ ਆਮ ਆਨਮਤੀਆਂ ਵਾਲਾ ਕਰਮ ਅਭਿਆਸ ਕੁਸਮਝਣ ਲੱਗ ਪੈਂਦੇ ਹਨ ਤੇ ਇਹ ਤੁਕ ਅਗੇ ਡਾਹ ਕੇ ਕਹਿੰਦੇ ਹਨ ਕਿ "ਗਿਆਨੇ ਕਾਰਣ ਕਰਮ ਅਭਿਆਸ।। ਗਿਆਨ ਭਇਆ ਤਉ ਕਰਮਹ ਨਾਸ ।।"

ਏਹਨਾਂ ਦੋਹਾਂ ਪੰਗਤੀਆਂ ਦੀ ਵਿਸਥਾਰ ਸਹਿਤ ਵਿਆਖਿਆ ਤਾਂ ਅਸੀ ਅਗੇ ਚਲ ਕੇ ਕਰਾਂਗੇ। ਪ੍ਰੰਤੂ ਤਤ ਭਾਵ ਦਰਸਨੀ ਟੂਕ ਦਰਸਾਉਣੀ ਏਥੇ ਭੀ ਪਰਮ ਜਰੂਰੀ ਹੈ। ਨਾਮ ਅਭਿਆਸ ਕੋਈ ਆਨਮਤੀ ਕਰਮਾਂ ਜੇਹਾ ਅਭਿਆਸ ਨਹੀ। ਨਾਮ ਤਾਂ ਆਪਣੇ ਅਸਲੀ ਗੁਰਮਤਿ

ਲੁਗਾਤੀ ਮਾਅਨਿਆਂ ਵਿਚਿ ਤੱਤ ਗਿਆਨ ਹੈ। ਕਰਮ ਨਹੀ, ਜਿਸ ਨੂੰ ਅਸੀ ਛਡ ਬਹਿਣਾ ਹੈ। ਇਹ ਗਿਆਨ ਤਾਂ ਤੱਤ ਗਿਆਨ ਹੈ। ਕਲਾਂ ਸੰਜੁਗਤੀਆ ਕਰਮ ਹੈ ਜਿਸ ਨੂੰ ਕਿ ਗੁਰਮਤ ਗਿਆਨੀਆਂ ਭਗਤਾਂ ਨੇ ਤੋੜ ਸਚ ਖੰਡ ਵਾਸ ਤਾਈ ਭੀ ਕਰਨੋਂ ਨਹੀ ਹਟਣਾ। ਉਸ ਦੇ ਮਹਾਂ ਅਭਾਗ ਹਨ ਜਿਸ ਨੇ ਇਹ ਕੁਸਮਝ ਅਪਣੇ ਮਨ ਵਿਚਿ ਵਸਾ ਲਈ ਹੈ। ਗੁਰਮੁਖ ਗੁਰ ਸਿਖ ਨੇ ਤਾਂ ਤਦੋਂ ਤਾਈਂ ਨਿਬਹੇ ਓੜ ਵਾਲੀ ਬਵਸਥਾ ਵਿਚਿ ਭੀ ਨਾਮ ਨੂੰ ਧਿਆਈ ਜਾਣਾ ਹੈ । ਇਸ ਵਿਚਿ ਸੰਦੇਹ ਨਹੀ ਕਿ ਜਿਉ ਜਿਉ ਉਹ ਨਾਮ ਧਿਆਏਗਾ ਤਿਉਂ ਤਿਉਂ ਉਸ ਦੀ ਅਨਤ ਤ੍ਰੰਗਾਂ ਵਿਚਿ ਨਾਮ ਧਿਆਵਣੀ ਆਤਮ ਅਵਸਥਾ ਧਿਆਵਨ ਆਤਮੀ ਅਵਸਥਾ ਉੱਚੀ ਤੋਂ ਉੱਚੀ ਅਜਬ ਰੰਗਾਂ ਵਾਲੀ ਬਿਸਮ ਤ੍ਰੰਗਾਂ ਵਾਲੀ ਹੁੰਦੀ ਜਾਏਗੀ। ਪਰ ਉਹ ਨਾਮ ਧਿਆਵਣੋ ਕਦੇ ਨਹੀ ਹਟੇਗਾ। ਨਾਮ ਧਿਆਵਣ ਦਾ ਸੁਆਦ, ਅਸਲ ਸੁਆਦ, ਬਿਸਮਾਦੀ ਸੁਆਦ ਹੀ ਅਗੇ ਜਾ ਕੇ ਉਚੇ ਚੜ੍ਹ ਕੇ ਆਏਗਾ। ਜਿਉਂ ਜਿਉਂ ਉਹ ਉੱਚੇ ਤੋਂ ਉੱਚੇ ਆਤਮ ਰੰਗਾਂ ਵਿਚਿ ਅਰੂੜ ਹੁੰਦਾ ਜਾਵੇਗਾ ਤਿਉਂ ਤਿਉਂ ਉਸਦੀ ਨਾਮ ਅਭਿਆਸ ਤ੍ਰੰਗਾਂ ਵਾਲੀ ਅਵਸਥਾ ਭੀ ਉੱਚੀ ਹੁੰਦੀ ਚਲੀ ਜਾਏਗੀ। ਆਤਮ ਪਰਮਾਤਮ ਸੰਗਮੀ ਮਿਲਾਪ ਦਰਸਨ ਮੇਲਿਆ ਸਨਮੁਖੀ ਪਰਮਾਤਮ ਦਰਸਨ, ਦਰਸਨ ਕਰਨਹਾਰੇ ਗੁਰਮੁਖ ਦੀ ਨਾਮ ਅਭਿਆਸ ਦੇ ਰਸ ਨੂੰ ਹੋਰ ਭੀ ਚਾਰ ਚੰਦ ਲਾਵੇਗਾ। ਜਿਉਂ ਜਿਉਂ ਸਨਮੁਖ ਦਰਸ਼ਨਾਂ ਦੇ ਆਨੰਦ ਮਾਣੇਗਾ ਤਿਉਂ ਤਿਉਂ ਉਸ ਦੇ ਨਾਮ ਅਭਿਆਸ ਖੇੜੇ ਵਿਚਿ ਅਨੂਪਮ ਤੋਂ ਅਨੂਪਮ ਰੰਗ ਰਸ ਖਿੜੇਗਾ। ਜਿਥੇ ਅਗਮ ਅਗਾਹੁ ਪਾਰਬ੍ਰਹਮ ਵਾਹਿਗੁਰੂ ਅਕਾਲ ਪੁਰਖ ਨਾਮੀ ਦੇ ਪਰੇ ਤੋਂ ਪਰੇ ਦਰਸਨਾਂ ਦੀ ਥਾਹ ਨਹੀਂ ਤਿਥੇ ਨਾਮੀ ਅਕਾਲ ਪੁਰਖ ਦੇ ਨਾਮ ਦੀ ਭੀ ਗਹਿਣ ਗਤਿ ਕੋਈ ਨਹੀਂ। ਨਾ ਹੀ ਨਾਮ ਦੇ ਅਭਿਆਸ ਦੀ ਪਾਰਾਵਾਰ ਹੈ। ਨਾਮ ਅਭਿਆਸ ਗੁਰਮੁਖ ਜਨ ਦੀ ਜਾਨ ਰੂਹੇ ਰਵਾਨ ਹੈ ਅਤੇ ਹਰਿ ਜਨ ਇਕ ਦੂੰ ਇਕ ਚੜ੍ਹੰਦੀਆਂ ਆਤਮ ਬਵਸਥਾ ਵਿਖੇ ਹੋਰ ਤੋਂ ਹੋਰ ਵਧ ਕਲਿਆਨ ਕਾਰੀ ਨੀਸ਼ਾਨ ਹੈ। ਤਾਂਹੀ ਤੇ ਗੁਰਬਾਣੀ ਅੰਦਰਿ ਨਾਮ ਧਿਆਵਣਾ ਗੁਰਮੁਖਾਂ ਦਾ ਕਦੇ ਹਟਕਦਾ ਨਹੀਂ। ਨਾਮ ਨਾਮੀ ਅਭੇਦਤਾ ਦੇ ਸਾਪੇਖਸ਼ ਗਿਆਨ ਵਿਖੇ ਭੀ ਨਹੀਂ ਹਟਕਦਾ। ਜਿਸ ਨਾਮ ਦੇ ਮਨ ਵਸਣ ਕਰ ਕੇ ਨਾਮੀ ਨਿਰੰਕਾਰ ਦਾ ਮੇਲ ਮਿਲਾਪ ਹੁੰਦਾ ਹੈ ਉਸ ਨੂੰ ਕਦੇ ਛਡਿਆ ਜਾ ਸਕਦਾ ਹੈ ? ਮੇਲਾਪ ਤਾਂ ਕਿਰਪਾ, ਨਦਰ ਮੇਹਰ ਦਾ ਪਰਤਾਪ ਹੈ। ਵਾਹਿਗੁਰੂ ਜਪ ਹੁਕਮੀ ਵਾਹਿਗੁਰੂ ਦੀ ਹੁਕਮ ਰਜਾ ਹੈ ਤੋੜ ਤਾਂਈ ਤੋੜ ਪੁਜੇ ਤਾਂਈ ਭੀ ਛਡਣ ਦਾ ਹੁਕਮ ਨਹੀਂ। ਛਡਿ ਬੈਠਾ ਤਾਂ ਰਹਿ ਖੜੋਤਾ। ਇਹ ਹੈ ਗੁਰਮਤਿ ਮਤਿ ਸਤਿਗੁਰੂ ਦੀ ਜੋ ਗੁਰੂ ਸਾਹਿਬ ਨੇ ਗੁਰਬਾਣੀ ਦੁਆਰਾ ਸਿਖਾਂ ਪ੍ਰਤੀ ਦ੍ਰਿੜਾਈ ਹੈ। ਗੁਰਬਾਣੀ ਸਰੂਪੇ ਸਤਿਗੁਰੂ ਗੁਰਬਾਣੀ ਨਿਧੇ ਸਤਿਗੁਰੂ ਦੀ ਸਤਿਸੰਗਤ ਅਤੇ ਸਤਿਸੰਗੀਆਂ ਦਾ ਦਰਸਨ ਮਿਲਾਪ ਤਿਨਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਦੇ ਪੂਰਬ ਜਨਮ ਕਰੰਮੀ ਪੋਤੇ ਕਰਮ ਨਛਤ੍ਰ ਵਿਚਿ ਲਿਖਿਆ ਹੁੰਦਾ ਹੈ। ਯਥਾ ਗੁਰਵਾਕ :-

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ॥੪॥੧੧॥੪੪॥

(ਸਿਰੀ ਰਾਗ ਮਹਲਾ ੩)

(ਚਲਦਾ)

(ਪੰਨਾ ੧੫ ਦਾ ਬਾਕੀ...)

ਅਤੇ ਸਵਾਰਥ ਸਿਖੀ ਦੀ ਭਾਵਨਾ ਦੇ ਬਾਣੀ ਨਾਲ ਸਿੰਜਿਆ ਜਾ ਰਿਹਾ ਅਖੌਤੀ ਸਿਖੀ ਦਾ ਬੂਟਾ ਉਹ ਬ੍ਰਿਛ ਪ੍ਰਤੀਤ ਹੋਣ ਲੱਗ ਪਿਆ ਹੈ ਜਿਸ ਬਾਰੇ ਸਤਿਗੁਰ ਸੱਚੇ ਪਾਤਸ਼ਾਹ ਨੇ ਫ਼ਰਮਾਇਆ ਸੀ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਹਿ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮ ਨ ਆਵਹਿ ਪਤ॥

ਸਿਖੀ ਨੂੰ ਜੇ ਖ਼ਤਰਾ ਹੈ ਤਾਂ ਇਸ ਪ੍ਰਕਾਰ ਦੇ ਸਿਖਾਂ ਵਲੋਂ ਹੈ। ਬਾਹਰਲੀ ਕੋਈ ਸ਼ਕਤੀ ਸਿਖੀ ਦਾ ਕੁਝ ਨਹੀਂ ਵਿਗਾੜ ਸਕਦੀ। ਇਸ ਨੂੰ ਅੰਦਰਲੇ ਵੈਰੀਆਂ ਕੋਲੋਂ ਹੀ ਹਾਨੀ ਪਹੁੰਚਣ ਦਾ ਖ਼ਤਰਾ ਹੈ। ਪੰਥ ਹਿਤੈਸ਼ੀਓ ਆਓ ! ਆਪਣੀ ਮਹਾਨ ਵਿਰਾਸਤ ਨੂੰ ਸੰਭਾਲੀਏ। ਅੰਦਰਲੀ ਕਮਜ਼ੋਰੀ ਨੂੰ ਦੂਰ ਕਰਕੇ ਬਾਹਰੀ ਸ਼ਕਤੀਆਂ ਦੇ ਯਤਨਾਂ ਨੂੰ ਪਛਾੜ ਦੇਈਏ। ਮਹਾਨ ਗੁਰੂ ਸਾਹਿਬਾਂ ਦੇ ਪਗ ਚਿੰਨ੍ਹਾਂ ਤੇ ਚਲਦਿਆਂ ਹੋਇਆ ਪ੍ਰਚਾਰ ਫੇਰੀਆਂ ਆਰੰਭ ਕਰੀਏ। ਪਰ ਗੁਰ ਫ਼ਰਮਾਨ ਹੈ :

ਪ੍ਰਥਮੇ ਮਨੁ ਪ੍ਰਬੋਧੈ ਆਪਣਾ ਪਾਛੈ ਅਵਰੁ ਰੀਝਾਵੈ॥

ਆਪਾ ਸੁਧਾਰ ਕੇ ਧੁਰੇ ਨਾਲ ਜੁੜੀਏ। ਬਾਣੀ ਵਿਚ ਦੱਸੀ ਜੀਵਨ ਜੁਗਤੀ ਅਪਨਾਈਏ। ਜੇ ਬਾਣੀ, ਅਧਾਰ ਬਣ ਜਾਵੇ ਤਾਂ ਸਿੱਖੀ ਦਾ ਮੂੰਹ ਮੁਹਾਂਦਰਾ ਨਿਖਰ ਆਵੇਗਾ। ਬਾਣੀ ਤੇ ਬਾਣੇ ਦਾ ਸੁਮੇਲ ਹੋ ਜਾਵੇ ਤਾਂ ਮੂੰਹੋਂ ਬੋਲੇ ਸ਼ਬਦ ਅਵਸ਼ ਹੀ ਪ੍ਰਭਾਵ ਪਾਉਣਗੇ। ਭੁਲੇਖੇ ਵਸ ਰਾਹੋਂ ਘੁੱਥੇ ਯੁਵਕਾਂ ਨੂੰ ਰਾਹਿ ਰਾਸਤ ਆਉਂਦਿਆਂ ਦੇਰ ਨਹੀਂ ਲੱਗੇਗੀ। ਆਓ ! ਹੰਭਲਾ ਮਾਰੀਏ। ਗੁਰੂ ਮਿਹਰ ਕਰੇਗਾ।



www.AKJ.Org

# ਭੰਗਾਣੀ ਦਾ ਜੁੱਧ-ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

ਵਲੋਂ-ਪ੍ਰਿੰਸੀਪਲ ਸੁਜਾਨ ਸਿੰਘ ਜੀ

ਮੰਹਤ ਕ੍ਰਿਪਾਲ ਜੀ ਨੇ ਸੰਗਤਾਂ ਨੂੰ ਜੁੱਧ ਦਾ ਪਰਸੰਗ ਸੁਣਾਂਦਿਆਂ ਅਗਾਂਹ ਦਸਣਾ ਸ਼ੁਰੂ ਕੀਤਾ-

"ਸਤਿਗੁਰੂ, ਜੋ ਚਲਦੀਆਂ ਗੋਲਿਆਂ ਤੇ ਤੀਰਾਂ ਵਿਚ ਨਿਰਭੈ ਖੜੇ ਜੰਗ ਦੇ ਹਰ ਖ਼ਤਰੇ ਨੂੰ ਵਾਚ ਰਹੇ ਸਨ ਤੇ ਲੋੜੀਂਦੀਆਂ ਥਾਵਾਂ ਕੁਮਕਾਂ ਭੇਜ ਰਹੇ ਸਨ ,ਮੇਰੇ ਵੱਲ ਤੱਕ ਕੇ ਹੱਸੇ ਤੇ ਫ਼ੁਰਮਾਇਆ,'ਤੁਸੀਂ ਗੁਰੂ ਨਾਨਕ ਦੇ ਘਰ ਦੇ ਲਾਡਲੇ ਹੋ, ਤੁਸੀਂ ਪ੍ਰਭੂ ਨੂੰ ਪਿਆਰੇ ਹੋ। ਤੁਹਾਡਾ ਕੰਮ ਵਰ ਦੇਣਾ ਹੈ। ਤੁਸਾਂ ਸਾਨੂੰ ਜਿੱਤ ਦਾ ਵਰ ਦਿੱਤਾ ਹੈ। ਕੀ ਇਹ ਹੀ ਕਾਫ਼ੀ ਨਹੀਂ ?'

"ਕੀਟ ਨੇ ਉੱਤਰ ਦਿਤਾ,'ਪ੍ਰਭੂ ਜੀ, ਜੰਗ ਵਿਚ ਤੁਹਾਡੇ ਕੋਲ ਖੜਾ ਮੈਂ ਇਸ ਨਿਮਕ-ਹਰਾਮ ਨੂੰ ਤੁਹਾਡੇ ਦਲ ਅੱਗੇ ਅੜਦਾ ਸਹਾਰ ਨਹੀਂ ਸਕਦਾ। ਸ਼ਤਰੂ ਦਾ ਜੋਰ ਪੈਂਦਾ ਮੈ ਦੇਖ ਨਹੀ ਸਕਦਾ।'

"ਜਦ ਕਲਗੀਧਰ ਜੀ ਨੇ ਮੇਰੀ ਇਹ ਬੇਨਤੀ ਸੁਣੀ ਤਾਂ ਉਨ੍ਹਾਂ ਦੇ ਚਿਹਰੇ ਤੇ ਮਿਹਰ ਪ੍ਰਸੰਨਤਾ ਬਣ ਕੇ ਖਿੜ ਉਠੀ । ਪਰ ਫੇਰ ਵੀ ਉਨ੍ਹਾਂ ਹੱਸ ਕੇ ਪੁਛਿਆ, 'ਮਹੰਤ ਜੀ, ਤੁਹਾਡੇ ਕੋਲ ਤਾਂ ਸ਼ਸਤਰ ਵੀ ਕੋਈ ਨਹੀਂ। ਕਾਹਦੇ ਨਾਲ ਹਯਾਤ ਨੂੰ ਮਾਰੋਗੇ ?"

"ਤਾਂ ਮੈਂ ਅੰਦਰੋਂ ਨਿਰਮਾਣ ਹੋ ਕੇ ਕਿਰਪਾ ਨਿਧਾਨ ਤੇ ਸ੍ਰੀ ਕਿਰਪਾਲ ਜੀ ਵੱਲ, ਜੋ ਲਾਗੇ ਖੜੇ ਸਨ, ਤੱਕ ਕੇ ਜੋਸ਼ੀਲੀ ਬੇਨਤੀ ਕੀਤੀ, 'ਗਰੀਬ-ਨਿਵਾਜ਼, ਇਹ ਕੁਤਕਾ ਮੇਰੇ ਮੋਢੇ ਤੇ ਕਾਹਦੇ ਲਈ ਹੈ ? ਤੁਹਾਥੋਂ ਬਲ ਪ੍ਰਾਪਤ ਕਰ ਕੇ ਮੈਂ ਰਤਾ ਨਹੀਂ ਡਰਾਗਾਂ ਅਤੇ ਨਿਸਚੇ ਹੀ ਉਸ ਨੂੰ ਮਾਰਾਂਗਾ, ਭਾਵੇਂ ਉਹ ਜਿੰਨਾ ਭੱਜਣਾ ਹੈ ਭੱਜ ਲਵੇ।'

"ਧੀਰ ਵੀਰ ਸ੍ਰੀ ਕਿਰਪਾਲ ਜੀ ਨੇ ਆਪਣੇ ਨਾਮ ਦੀ ਲਾਜ ਰੱਖੀ ਤੇ ਮੇਰੀ ਸਿਫ਼ਾਰਸ਼ ਕੀਤੀ, 'ਮਹਾਰਾਜ, ਮਹੰਤਾਂ ਵਿਚ ਤਪ ਤੇ ਬ੍ਰਹਮਚਰਜ ਦਾ.ਬਲ ਹੈ। ਇਹ ਤਰਲੇ ਲੈ ਰਹੇ ਹਨ। ਗੁਰੂ ਦੇਵ ! ਇਨ੍ਹਾਂ ਨੂੰ ਆਗਿਆ ਬਖ਼ਸ਼ੋ ਤੇ ਇਨ੍ਹਾਂ ਦਾ ਪਠਾਣਾਂ ਨਾਲ ਜੁੱਧ ਦੇਖੋ।'

"ਸਤਿਗੁਰਾਂ ਇਸ ਕੀਟ ਨੂੰ ਅਸੀਸ ਦਿੱਤੀ, 'ਜਾਓ ਮਹੰਤ ਜੀ, ਗੁਰੂ ਨਾਨਕ ਦੀ ਗੱਦੀ ਆਪਣੀ ਆਸਥਾ ਦੀ ਸਹਾਈ ਹੋਵੇ। ਤੁਹਾਡੇ ਕੁਤਕੇ ਦਾ ਵਾਰ ਭੀਮ ਦੀ ਗੱਦਾ ਦੇ ਵਾਰ ਵਾਂਗ ਪਰਸਿੱਧ ਹੋਵੇ।'

"ਗੁਰਦੇਵ ਦੇ ਵਾਕ ਸੁਣ ਕੇ ਮੈਨੂੰ ਬੜੀ ਖ਼ੁਸ਼ੀ ਹੋਈ। ਮੈਂ ਘੋੜਾ ਤੇਜ਼ ਕੀਤਾ। ਹੋਰ ਪਠਾਣ ਤਾਂ ਸ਼ਾਇਦ ਮੇਰਾ ਕੱਦ ਬੁਤ, ਜਟਾ, ਭਸਮ, ਵੱਡਾ ਦਾਹੜਾ ਦੇਖ ਕੇ ਹੀ ਡਰ ਗਏ। ਕੀਟ ਨੇ ਹਯਾਤ ਨੂੰ ਵੰਗਾਰਿਆ, ਇਧਰ ਆ, ਨਿਮਕ-ਹਰਾਮ ! ਕਿਧਰ ਜਾਂਦਾ ਹੈ ? ਤੂੰ ਸਾਡੇ ਦਲ ਦਾ ਬੜਾ ਨੁਕਸਾਨ ਕੀਤਾ ਹੈ। ਸਾਹਮਣੇ ਆ ਤੇ ਮੇਰੇ ਨਾਲ ਜੁੱਧ ਕਰ।'

"ਲਲਕਾਰਦਿਆਂ ਹੀ ਹਯਾਤ ਪਿਛੇ ਮੁੜਿਆ ਤੇ ਗੁੱਸੇ ਨਾਲ ਉਸ ਆਪਣੀ ਤਲਵਾਰ ਖਿੱਚੀ। ਸਤਿਗੁਰੂ ਦੇ ਬਚਨਾਂ ਨੇ ਮੇਰੇ ਅੰਦਰ ਬਣੜ ਧੀਰਜ ਤੇ ਦਲੇਰੀ ਭਰ ਦਿਤੀ ਸੀ। ਹਯਾਤ ਨੇ ਘੋੜਾ ਤੇਜ਼ ਕੀਤਾ। ਤੇ ਲਾਗੇ ਆ ਕੇ ਸਾਰੇ ਜ਼ੋਰ ਨਾਲ ਤਲਵਾਰ ਦਾ ਵਾਰ ਮੇਰੇ ਤੇ ਝਾੜਿਆ। ਕੀਟ ਨੇ ਕੁਤਕਾ ਅਗੇ ਕਰ ਦਿਤਾ। ਗੁਰੂ ਕਿਰਪਾ ਨਾਲ ਤਲਵਾਰ ਕੁਤਕੇ ਤੇ ਵੱਜ ਕੇ ਟੁੱਟ ਗਈ। ਹਯਾਤ ਹਾਲੀਂ ਘੋੜੇ ਨੂੰ ਸੰਭਾਲਦਾ ਹੀ ਸੀ ਕਿ ਮੈਂ ਘੋੜੇ ਦੀ ਲਗਾਮ ਛੱਡ ਕੇ ਰਕਾਬਾਂ ਵਿਚ ਖੜੇ ਕੇ ਦੋਹਾਂ ਹੱਥਾਂ ਦੇ ਜ਼ੋਰ ਨਾਲ ਕੁਤਕਾ ਚਲਾਇਆ, ਜੋ ਠੀਕ ਉਸ ਦੇ ਸਿਰ ਵਿਚ ਬੈਠਾ। ਉਸ ਦਾ ਸਿਰ ਖਖੜੀ ਵਾਂਗ ਪਾਟ ਗਿਆ। ਉਧਰ ਹਯਾਤ ਆਪਣੇ ਘੋੜੇ ਤੋਂ ਉੱਲਰ ਕੇ ਡਿਗਾ, ਉਧਰ ਲਗਾਮਾਂ ਛੁਟਣ ਤੇ ਵਾਰ ਦੇ ਹੁਲਾਰੇ ਨਾਲ ਕੀਟ ਵੀ ਥੱਲੇ ਡਿਗ ਪਿਆ, ਪਰ ਝਟ ਹੀ ਪੈਰਾਂ ਤੇ ਖੜੋ ਗਿਆ। ਮੇਰਾ ਘੋੜਾ ਇਕ ਪਠਾਣ ਨੇ ਫੜ ਲਿਆ, ਪਰ ਘੋੜੇ ਨੇ ਉਸ ਨੂੰ ਦੁੱਲਤੇ ਮਾਰ ਕੇ ਡੇਗ ਲਿਆ। ਇੰਨੇ ਨੂੰ ਇਕ ਹੋਰ ਸਵਾਰ ਮੇਰੇ ਤੇ ਝਪਟਿਆ। ਉਸ ਦੇ ਵਾਰ ਤੋਂ ਪਹਿਲਾਂ ਹੀ ਮੇਰਾ ਕੁਤਕਾ ਚੱਲ ਗਿਆ ਤੇ ਉਹ ਵੀ ਡਿਗ ਕੇ ਭੌਂ ਤੇ ਲੇਟ ਗਿਆ। ਮੈਂ ਪਲਾਕੀ ਮਾਰ ਕੇ ਘੋੜੇ ਤੇ ਚੜ੍ਹ ਬੈਠਾ, ਪਰ ਪਠਾਣਾਂ ਮੈਨੂੰ ਘੇਰ ਲਿਆ। ਸਤਿਗੁਰਾਂ ਤਦ ਤਕ ਸ੍ਰੀ ਜੀਤ ਮਲ ਨੂੰ ਮੇਰੀ ਸਹਾਇਤਾ ਲਈ ਭੇਜ ਦਿਤਾ ਸੀ। ਉਨ੍ਹਾਂ ਤੀਰ ਮਾਰ ਮਾਰ ਕੇ ਘੇਰਾ ਤੋੜ ਦਿਤਾ ਤੇ ਮੈਨੂੰ ਬਚਾ ਲਿਆ। ਅੱਤ ਨਿਰਾਸ਼ ਹੋਏ ਪਠਾਣਾਂ ਨੇ ੧੮ [illegible]੦੦ ਭਿਆਨਕ ਜੁੱਧ ਕੀਤਾ, ਪਰ ਸ੍ਰੀ ਸੰਗੋਸ਼ਾਹ ਤੇ ਜੀਤ ਮੱਲ ਦੇ ਦਸਤਿਆਂ ਨੇ ਉਨ੍ਹਾਂ ਨੂੰ ਮਾਰ ਮਾਰ ਕੇ ਪਿਛੇ ਹਟਾ ਦਿਤਾ। ਇਸ ਕੰਮ ਵਿਚ ਸਿੱਖ ਸੈਨਾ ਦਾ ਵੀ ਚੋਖਾ ਨੁਕਸਾਨ ਹੋਇਆ।

"ਚੁਨਾਰ ਗੜ੍ਹ ਦਾ ਰਾਮਾ ਤਰਖਾਣ ਇਕ ਤੀਖਣ ਬੁੱਧੀ ਸਿੱਖ ਸੀ। ਉਸ ਨੇ ਕਾਲੀ ਟਾਹਲੀ ਦੇ ਤਣੇ ਨੂੰ ਉੱਕਰ ਕੇ ਤੇ ਖੋਦ ਕੇ ਇਕ ਤੋਪ ਬਣਾਈ ਸੀ। ਉਹ ਪਹੀਆਂ ਵਾਲੀ ਗੱਡੀ ਤੇ ਲਿਆ ਕੇ ਉਚੇ ਥਾਂ ਇਉਂ ਰੱਖੀ ਸੀ ਕਿ ਦੁਸ਼ਮਣ ਨੂੰ ਦਿਸਦੀ ਨਹੀਂ ਸੀ। ਬਰੂਦ ਠੋਕ ਕੇ



www.AKJ.Org

ਤੇ ਪੱਥਰ ਦਾ ਗੋਲਾ ਭਰ ਕੇ ਉਹ ਤਿਆਰ ਕੀਤੀ ਹੋਈ ਸੀ। ਸਾਹਿਬਾਂ ਤੋਂ ਹੁਕਮ ਪਾ ਕੇ ਭਾਈ ਰਾਮੇ ਨੇ ਵਿਚਲੇ ਮੋਰਚੇ ਦਾ ਨਿਸ਼ਾਨਾ ਬੰਨ੍ਹ ਕੇ ਇਸ ਦਾ ਤੋੜਾ ਦਾਗ ਦਿਤਾ। ਉਸ ਦੇ ਚੱਲਣ ਤੇ ਭਿਆਨਕ ਗਰਜ ਉੱਠੀ ਤੇ ਗੋਲਾ ਜਿੱਥੇ ਬਹੁਤ ਸਵਾਰ ਇੱਕਠੇ ਹੋਏ ਸਨ, ਉਥੇ ਪਿਆ। ਇਕ ਸਵਾਰ ਤੇ ਘੋੜਾ ਮਾਰ ਕੇ ਉਸ ਕਈਆਂ ਨੂੰ ਬੁਰੀ ਤਰ੍ਹ ਜ਼ਖ਼ਮੀ ਕੀਤਾ। ਦੁਸ਼ਮਣ ਦੇ ਕਈ ਦਸਤੇ ਉੱਠ ਭਜੇ, ਪਰ ਫ਼ਤਿਹ ਸ਼ਾਹ ਨੇ ਤਾਜ਼ਾਦਮ ਦਸਤੇ ਅਗੇ ਭੇਜ ਦਿਤੇ, ਜਿਸ ਨਾਲ ਪਹਿਲੀ ਫ਼ੌਜ ਤੇ ਪਠਾਣਾਂ ਦੇ ਹੌਂਸਲੇ ਫੇਰ ਵਧ ਗਏ। ਉਨ੍ਹਾਂ ਨੇ ਫੇਰ ਸ੍ਰੀ ਸੰਗੋਸ਼ਾਹ, ਜੀਤ ਮੱਲ, ਆਦਿ ਭਰਾਵਾਂ ਦੇ ਮੋਰਚੇ ਨੂੰ ਤੋੜਨ ਲਈ ਹਮਲਾ ਕਰ ਦਿਤਾ। ਬੜੀ ਧੂੜ ਉੱਡੀ, ਨਗਾਰੇ ਵੱਜੇ, ਬੰਦੂਕਾਂ ਕੜਕੀਆਂ ਤੇ ਉਨ੍ਹਾਂ ਦੇ ਧੂੰਏਂ ਪੇਚ ਖਾਂਦੇ ਉਪਰ ਉੱਠੇ। ਇਹ ਹਮਲਾ ਦੇਖ ਕੇ ਗੁਰੂ ਜੀ ਦੇ ਵੱਡੇ ਬੀਰਾਂ ਵਿਚੋਂ ਸਾਹਿਬ ਚੰਦ ਨੇ ਬੇਨਤੀ ਕੀਤੀ, 'ਸਤਿਗੁਰੂ ਜੀ, ਵੈਰੀ ਦਲ ਉਮਡਿਆ ਆ ਰਿਹਾ ਹੈ ਅਤੇ ਸ੍ਰੀ ਸੰਗੋਸ਼ਾਹ ਅਤੇ ਭਰਾਵਾਂ ਦੀ ਅਗਵਾਈ ਵਿਚ ਇਸ ਤਾਜ਼ਾ-ਦਮ ਫ਼ੌਜ ਨਾਲ ਮੁਕਾਬਲਾ ਜਾਰੀ ਹੈ, ਪਰ ਦੁਸ਼ਮਣ ਨੇ ਗੋਲੀਆਂ, ਤੀਰਾਂ ਤੇ ਭਾਲਿਆਂ ਨਾਲ ਬਹੁਤ ਮਾਰ ਮਚਾਈ ਹੋਈ ਹੈ। '

"ਸਤਿਗੁਰਾਂ ਫ਼ੁਰਮਾਇਆ, 'ਸਾਹਿਬ ਚੰਦ ਜੀ, ਤੁਸੀਂ ਤਾਜ਼ਾ-ਦਮ ਜੋਧਿਆ ਦੀ ਕੁਮਕ ਲੈ ਕੇ ਪਹੁੰਚੋ ਤੇ ਬੰਦੂਕਾਂ ਨਾਲ ਹਮਲਾ ਕਰ ਕੇ ਵਧੇ ਆਉਂਦਿਆਂ ਨੂੰ ਰਣ ਵਿਚ ਡੇਗ ਲਵੋ।'

"ਆਗਿਆ ਪਾ ਕੇ ਸਾਹਿਬ ਚੰਦ ਅੱਗੇ ਵਧਿਆ। ਉਸ ਦੇ ਤਾਜ਼ਾ-ਦਮ ਸਿੱਖ ਸੈਨਕਾਂ ਨੇ ਤੜਾ-ਤੜ ਤੁਪਕਾਂ ਚਲਾ ਕੇ ਨਵੇਂ ਹੱਲੇ ਨੂੰ ਡੱਕਾ ਪਾ ਦਿੱਤਾ। ਪਰਤਵੇਂ ਹੱਲੇ ਨਾਲ ਪਠਾਣਾਂ ਤੇ ਰਾਜਿਆਂ ਦੀ ਸੈਨਾ ਪਿਛੇ ਹਟਣ ਲੱਗੀ। ਭੀਖਣ ਖ਼ਾਨ ਨੇ ਜਦ ਦੇਖਿਆ ਕਿ ਪਠਾਣਾਂ ਨੇ ਨੱਸਣਾ ਸ਼ੁਰੂ ਕਰ ਦਿਤਾ ਹੈ ਅਤੇ ਗੁਰੂ ਦਾ ਦਲ ਹੜ੍ਹ ਵਾਂਗ ਚੜ੍ਹਿਆ ਆ ਰਿਹਾ ਹੈ ਤਾਂ ਉਸ ਨੇ ਉਨ੍ਹਾਂ ਨੂੰ ਵੰਗਾਰਿਆ, ਓਏ ਗੀਦੀਓ ! ਕਿਧਰ ਭੱਜੇ ਜਾਂਦੇ ਹੋ ? ਜ਼ਰਾ ਪਠਾਣ ਕੌਮ ਦੀ ਆਨ ਦਾ ਤੇ ਧਿਆਨ ਕਰੋ। ਗੁਰੂ ਦੀ ਫ਼ੌਜ ਤੇ ਫੇਰ ਇੱਕਠੇ ਹੋ ਕੇ ਹਮਲਾ ਕਰੋ। ਓਏ ! ਜੀਊਂਦੇ-ਜੀ ਕਿਉਂ ਮਰਦੇ ਹੋ ? ਤੁਸੀਂ ਇਹੋ ਜਿਹੀ ਵਣ ਵਣ ਦੀ ਲੱਕੜੀ ਤੋਂ ਹਾਰ ਜਾਓਗੇ ? ਪਹਾੜੀਏ ਵੀ ਤੁਹਾਡੇ ਤੇ ਹੱਸਣਗੇ। ਅੱਗੇ ਇਕ ਮਮੂਲੀ ਸਾਧ ਨੇ ਤੁਹਾਡੇ ਸਰਦਾਰ ਨੂੰ ਮਾਰ ਲਿਆ ਹੈ। ਹੁਣ ਤੁਸੀਂ ਹੋਰ ਮਖੌਲ ਕਰਾਉਣੇ ਜੇ ?'

"ਆਪਣੇ ਸਾਥੀਆਂ ਨੂੰ ਹੌਂਸਲਾ ਦੇਣ ਲਈ ਨਿਜਾਬਤ ਖ਼ਾਨ ਨੂੰ ਨਾਲ ਲੈ ਕੇ ਭੀਖਨ ਖ਼ਾਨ ਘੋੜੇ ਨੂੰ ਚੰਭਲਾਉਂਦਾ ਅਗੇ ਵਧਿਆ। ਪਠਾਣ ਵੀ ਮੁੜ ਕੇ ਅਗਾਂਹ ਵਧੇ। ਨਿਜਾਬਤ ਤੇ ਭੀਖਣ ਸੰਨ੍ਹ ਸੰਨ੍ਹ ਕੇ ਤੀਰ ਚਲਾਉਣ ਲੱਗੇ ਤੇ ਕਈ ਜੋਧਿਆਂ ਨੂੰ ਡੇਗ ਲਿਆ। ਸਾਹਿਬ ਚੰਦ, ਖ਼ਾਨਾਂ ਦੇ ਭੱਜੇ ਹੋਏ ਦਲ ਨੂੰ ਮੁੜ ਭਿਆਨਕ ਜੁੱਧ ਕਰਦਿਆਂ ਦੇਖ ਕੇ ਫੇਰ ਵਧਿਆ ਤੇ ਉਹ ਤੀਖਣ ਤੀਰ ਚਲਾਏ ਕਿ ਪਠਾਣ ਸਵਾਰ ਪੈਰਾਂ ਵਿਚ ਰੁਲਣ ਲੱਗੇ। ਦੋਹਾਂ ਪਾਸਿਓਂ ਡਟਵਾਂ ਜੁੱਧ ਹੁੰਦਾ ਦੇਖ ਕੇ ਹਰੀ ਚੰਦ ਹੰਡੂਰੀਏ ਨੂੰ ਬੜਾ ਕ੍ਰੋਧ ਆਇਆ। ਧਨੁਸ਼-ਵਿਦਿਆ ਵਿਚ ਉਹ ਨਿਪੁੰਨ ਸੀ। ਉਸ ਨੇ ਖਿੱਚ ਖਿੱਚ ਕੇ ਤੀਰ ਵਰ੍ਹਾਏ ਤੇ ਗੁਰੂ ਜੀ ਦੇ ਦਲ ਨੂੰ ਹਿਲਾ ਦਿਤਾ। ਉਸ ਨੇ ਕਈ ਘੋੜੇ ਅਤੇ ਸਵਾਰ ਸੁੱਟ ਲਏ। ਭੀਖਨ ਖ਼ਾਨ ਇਸ ਤੀਖਣ ਜੁੱਧ ਨੂੰ ਦੇਖ ਕੇ ਖ਼ੁਸ਼ ਹੋਇਆ। ਉਸ ਨੇ ਹਰੀ ਚੰਦ ਦੀ ਤੀਰ-ਅੰਦਾਜ਼ੀ ਦੀ ਲਾਗੇ ਜਾ ਕੇ ਸਿਫਤ ਕੀਤੀ। ਲੜਾਈ ਦੀ ਇਹ ਦਸ਼ਾ ਦੇਖ ਕੇ ਸਾਹਿਬ ਚੰਦ ਨੇ ਵਧ ਵਧ ਕੇ ਤੀਰ ਚਲਾਏ, ਪਰ ਫੇਰ ਵੀ ਸਿੱਖ-ਸੈਨਾ ਖਲੋ ਨਾ ਸਕੀ। ਜੰਗ ਦੀ ਹਾਲਤ ਦਿਖਾ ਕੇ ਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, 'ਦੀਵਾਨ ਜੀ, ਹਰੀ ਚੰਦ, ਨਿਜਾਬਤ ਖ਼ਾਨ, ਤੇ ਭੀਖਣ ਖ਼ਾਨ ਓੜਕਾਂ ਦਾ ਜੁੱਧ ਕਰ ਰਹੇ ਹਨ। ਸਾਹਿਬ ਚੰਦ ਬੜੀ ਬੀਰਤਾ ਨਾਲ ਲੜ ਰਹੇ ਹਨ, ਪਰ ਫਿਰ ਵੀ ਉਨ੍ਹਾਂ ਦਾ ਵੱਸ ਨਹੀਂ ਚੱਲ ਰਿਹਾ। ਤੁਸੀਂ ਤੇ ਦਯਾ ਰਾਮ ਜੀ ਹੋਰ ਤਾਜ਼ਾ-ਦਮ ਜੱਥਾ ਲੈ ਕੇ ਜਾਵੋ ਤੇ ਪਠਾਣਾਂ ਦੇ ਵਧ ਰਹੇ ਦਲ ਨੂੰ ਮਾਰ ਕੇ ਰੋਕ ਦਿਓ।'

"ਇਹ ਸੁਣ ਕੇ ਦੋਵੇਂ ਸੂਰਮੇ ਘੋੜੇ ਦੁੜਾਉਂਦੇ ਤਾਜ਼ਾ-ਸਾਹ ਜੱਥੇ ਲੈ ਕੇ ਘਾਟੇ ਤੋਂ ਉਤਰ ਕੇ ਪਠਾਣਾਂ ਦੇ ਸਾਹਮਣੇ ਆ ਡਟੇ। ਨੰਦ ਚੰਦ ਬਹਾਦਰ ਪਠਾਣਾਂ ਦੇ 'ਮਾਰੋ ਮਾਰੋ' ਦੇ ਸ਼ੋਰ ਨੂੰ ਸਹਾਰ ਨਾ ਸਕੇ। ਉਹ ਬਰਛਾ ਲੈ ਕੇ ਤਿਖੇ ਘੋੜੇ ਨੂੰ ਕੁਦਾ ਕੇ ਅਗੇ ਵਧੇ ਅਤੇ ਬਹੁਤ ਅਗੇ ਵਧ ਆਏ ਇਕ ਪਠਾਣ ਦੇ ਵਿਚੋਂ ਬਰਛਾ ਇਉਂ ਲੰਘਾ ਦਿਤਾ ਜਿਵੇਂ ਤਲੇ ਹੋਏ ਵੜੇ ਨੂੰ ਪਰੋਣ ਲਈ ਸੀਖ ਦੁਸਾਰ-ਪਾਰ ਕਰ ਦਈਦੀ ਹੈ। ਪਠਾਣਾਂ ਨੇ ਜਦ ਉਨ੍ਹਾਂ ਨੂੰ ਘੇਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨੇ ਮਿਆਨ ਵਿਚੋਂ ਆਪਣੀ ਖੜਗ ਖਿਚ ਕੇ ਇਕ ਹੋਰ ਪਠਾਣ ਦਾ ਸਿਰ ਚੱਕ ਤੋਂ ਟਿੰਡ ਵਾਂਗ ਲਾਹ ਕੇ ਸੁੱਟ ਦਿਤਾ ਤੀਜੇ ਤੇ ਵਾਰ ਕਰਕੇ ਉਸ ਨੂੰ ਵੀ ਉਲਟਾ ਦਿੱਤਾ। ਚੌਥੇ ਤੇ ਵਾਰ ਕੀਤਾ ਤਾਂ ਉਸ ਨੇ ਜੀ-ਭਿਆਣੇ ਤੁਪਕ ਅਗੇ ਕਰ ਦਿਤੀ, ਜਿਸ ਨਾਲ ਵੱਜ ਕੇ ਖੜਗ ਟੁੱਟ ਗਈ। ਤਾਂ ਨੰਦ ਚੰਦ ਜੀ ਨੇ ਤਿੰਨਾਂ ਅਣੀਆਂ ਵਾਲੀ ਜਮਦਾੜ੍ਹ ਕੱਢ ਲਈ ਤੇ ਘੋੜੇ ਤੋਂ ਉਤਰ ਕੇ ਇਕ ਪਠਾਣ ਦੇ ਪੇਟ ਵਿਚ ਧਸਾ ਦਿਤੀ। ਇੰਨੇ ਨੂੰ ਪ੍ਰੋਹਤ ਦਯਾਰਾਮ ਜੋਧਿਆਂ ਸਮੇਤ ਕਟਾ ਵੱਢਾ ਕਰਦਾ ਉਥੇ



www.AKJ.Org

ਪਹੁੰਚ ਗਿਆ ਅਤੇ ਵੰਗਾਰ ਵੰਗਾਰ ਪਠਾਣਾਂ ਨੂੰ ਮਾਰਿਆ ਅਤੇ ਵਧੇ ਆ ਰਹੇ ਪਠਾਣਾਂ ਤੋਂ ਮੈਦਾਨ ਖੋਹ ਲਿਆ।

"ਹੁਣ ਹਰੀ ਚੰਦ ਇਥੋਂ ਹਟ ਕੇ ਉਥੇ ਪਹੁੰਚਿਆ ਜਿਥੇ ਸੰਗੋਸ਼ਾਹ, ਜੀਤਮਲ, ਆਦਿ ਕਰੜਾ ਜੁੱਧ ਮਚਾ ਰਹੇ ਸਨ। ਸੰਗੋਸ਼ਾਹ ਨੇ ਹੰਡੂਰੀਏ ਨੂੰ ਆਉਂਦਿਆਂ ਦੇਖਿਆ। ਸੰਗੋਸ਼ਾਹ ਜੀ ਨੇ ਤਿੱਖੇ ਤੀਰ ਕੱਢੇ ਤੇ ਕਮਾਨ ਦੀ ਡੋਰੀ ਨੂੰ ਕੰਨ ਤਕ ਖਿੱਚ ਖਿੱਚ ਕੇ ਹਰੀ ਚੰਦ ਤੇ ਚਲਾਏ। ਹਰੀ ਚੰਦ ਘੋੜੇ ਨੂੰ ਇਧਰ ਉਧਰ ਟਪਾ-ਨਚਾ ਕੇ ਬਚ ਗਿਆ, ਪਰ ਉਸ ਦੇ ਪਿਛੋਂ ਜੋ ਪਹਾੜੀ ਜੋਧੇ ਸਨ ਉਨ੍ਹਾਂ ਨੂੰ ਇਹ ਤੀਰ ਲੱਗੇ ਅਤੇ ਉਹ ਡਾਢੇ ਫਟੜ ਹੋ ਕੇ ਡਿਗ ਪਏ। ਇਸ ਥਾਂ ਇਹ ਦੋਵੇਂ ਜੋਧੇ ਆਮੋ ਸਾਹਮਣੇ ਡੱਟ ਗਏ। ਉਧਰ ਮਧੁਕਰ ਸ਼ਾਹ ਆਪਣੀ ਸੈਨਾ ਲੈ ਕੇ ਆਇਆ, ਦਯਾ ਰਾਮ ਗੁਰੂ ਜੀ ਦੇ ਦਲ ਨੂੰ ਲੈ ਕੇ ਸਾਹਮਣੇ ਹੋਇਆ। ਦੂਰ ਦੂਰ ਤਕ ਲੜਾਈ ਹੋ ਰਹੀ ਸੀ। ਬੰਦੂਕਚੀ ਦਸਤ-ਰਵਾਂ ਕਰ ਕੇ ਛੇਤੀ ਛੇਤੀ ਗੋਲੀਆਂ ਚਲਾਉਂਦੇ ਸਨ। ਧੁਖਦੇ ਪਲੀਤੇ ਉਨ੍ਹਾਂ ਦੇ ਹੱਥਾਂ ਵਿਚ ਸਨ। ਤੀਰਾਂ ਤੇ ਨੇਜ਼ਿਆਂ ਦੀ ਲੜਾਈ ਰੁਕਦੀ ਸੀ ਤਾਂ ਤਲਵਾਰਾਂ, ਤੇਗਿਆਂ ਤੇ ਖੰਡਿਆਂ ਦੀ ਸ਼ੁਰੂ ਹੋ ਜਾਂਦੀ ਸੀ।

"ਫ਼ਤਿਹ ਸ਼ਾਹ ਲੜਾਈ ਤੋਂ ਹਟਵਾਂ ਭੱਜਿਆਂ ਜਾਂਦਿਆਂ ਨੂੰ ਰੋਕਣ ਤੇ ਲੱਗਾ ਸੀ। ਇਧਰ ਗੁਰੂ ਸਾਹਿਬ ਦਮਦਮੇ ਤੋਂ ਸਾਰਾ ਜੁੱਧ-ਨਜ਼ਾਰਾ ਦੇਖ ਰਹੇ ਸਨ ਤੇ ਮਨ ਵਿਚ ਵਿਚਾਰ ਕਰ ਰਹੇ ਸਨ ਕਿ ਜਿਹੜਾ ਜੋਧਾ ਵਿਰੋਧੀਆਂ ਵਿਚੋਂ ਸਭ ਤੋਂ ਪਰਬਲ ਨਿਕਲੇਗਾ ਉਸ ਨਾਲ ਅਸੀਂ ਲੋਹਾ ਲਵਾਂਗੇ। ਬੁੱਧੂ ਸ਼ਾਹ ਗੁਰੂ ਜੀ ਦੇ ਪੱਖ ਵਿਚ ਤਨੋਂ ਮਨੋਂ ਹੋ ਕੇ ਲੜ ਰਿਹਾ ਸੀ। ਅੱਗੇ ਵਧਦਿਆਂ, ਗੋਲੀਆਂ ਛਡਦਿਆਂ ਉਸ ਦੇ ਦੂਸਰੇ ਸਪੁੱਤਰ ਨੂੰ ਵੀ ਕਰਾਰਾ ਘਾਉ ਲੱਗ ਗਿਆ ਅਤੇ ਉਹ ਬਹਿਸ਼ਤ ਨਸੀਬ ਹੋਇਆ।

"ਦੂਜੇ ਦਿਨ ਕਲਗੀਧਰ ਜੀ ਦੇ ਲਾਗੇ ਲਾਲ ਚੰਦ ਨਾਮੀ ਹਲਵਾਈ ਸਿੱਖ ਖੜਾ ਸੀ। ਲਾਲ ਚੰਦ, ਮਾਹੀ ਦੇ ਕਾਰਨਾਮੇ ਦੇਖ ਕੇ ਉਸ ਦੇ ਅੰਦਰ ਵੀ ਜੋਸ਼ ਤੇ ਬੀਰ ਰਸ ਦਾ ਸੰਚਾਰ ਹੋਇਆ। ਇਹ ਤਕੜੀ ਤੋਲਣ ਵਾਲਾ ਸਿੱਖ ਸ਼ਸਤਰ ਚਲਾਉਣ ਉੱਕਾ ਨਹੀਂ ਸੀ ਜਾਣਦਾ। ਹਾਂ, ਕਦੇ ਕਦੇ ਉਦਾਸੀਆਂ ਦੇ ਅਖਾੜੇ ਵਿਚ ਤਲਵਾਰਾਂ ਦੀ ਬਣਾਉਟੀ ਲੜਾਈ ਦੇਖਦਾ ਹੁੰਦਾ ਸੀ। ਉਸ ਨੇ ਗੁਰੂ ਜੀ ਤੋਂ ਜੁੱਧ ਕਰਨ ਦੀ ਅਗਿਆ ਮੰਗੀ। ਬੇਨਤੀ ਕੀਤੀ ਓਸ, 'ਮਹਾਰਾਜ ਜੀ, ਮੈਨੂੰ ਵੀ ਭਿੜਨ ਦਾ ਚਾਅ ਆਉਂਦਾ ਹੈ ! ਮੈਨੂੰ ਵੀ ਘੋੜਾ ਬਖ਼ਸ਼ੋ ਤੇ ਕੋਈ ਸ਼ਸਤਰ ਵੀ ਦਿਓ-ਨੇਜ਼ਾ, ਬੰਦੂਕ ਜਾਂ ਤੀਰ-ਕਮਾਨ, ਜੋ ਠੀਕ ਸਮਝੋ।'

"ਸਤਿਗੁਰਾਂ ਉਸ ਨੂੰ ਇਕ ਚੰਗੀ ਕਮੈਤ ਦਾ ਘੋੜਾ ਤੇ ਇਕ ਢਾਲ ਤੇ ਤਲਵਾਰ ਬਖ਼ਸ਼ੀ। ਘੋੜੇ ਚੜ੍ਹਨ ਤੋਂ ਪਹਿਲਾਂ ਸਤਿਗੁਰਾਂ ਨੇ ਸਿੱਖ ਨੂੰ ਪਿੱਠ ਤੇ ਥਾਪੜਾ ਦਿੱਤਾ। ਜਦੋਂ ਉਹ ਵਧਿਆ ਤਾਂ ਪਠਾਣ ਬੜੇ ਹੱਸੇ। ਉਹ ਮੀਰ ਖ਼ਾਂਨਾਂ ਦੇ ਨਾਇਬ ਸਰਦਾਰ ਵੱਲ ਵਧਿਆ। ਭੀਖਣ ਖ਼ਾਨ ਨੇ ਕਿਹਾ, 'ਇਹ ਤਕੜੀ ਤੋਲਣ ਵਾਲਾ ਅਰੋੜਾ ਹੈ! ਮੀਰ ਖਾਂ, ਇਸ ਨੂੰ ਮਾਰ ਕੇ ਇਸ ਦਾ ਘੋੜਾ ਤੇ ਹਥਿਆਰ ਖੋਹ ਲੈ। ਇਸ ਨੇ ਤਾਂ ਕਦੇ ਹਥਿਆਰ ਦੇਖੇ ਵੀ ਨਹੀਂ।' ਇਸ ਵੰਗਾਰ ਤੋਂ ਉਤਸ਼ਾਹਤ ਹੋ ਕੇ ਮੀਰ ਖ਼ਾਂ ਘੋੜਾ ਵਧਾ ਕੇ ਅੱਗੇ ਆਇਆ ਤੇ ਲਾਗੇ ਆ ਕੇ ਬਲੀ ਬਾਂਹ ਦੇ ਪੂਰੇ ਜ਼ੋਰ ਨਾਲ ਹਲਵਾਈ ਤੇ ਤਲਵਾਰ ਚਲਾਈ, ਜਿਸ ਨੂੰ ਉਸ ਨੇ ਅਸਚਰਜ ਫੁਰਤੀ ਨਾਲ ਰੋਕਿਆ ਤੇ ਇਸ ਤੇਜ਼ੀ ਨਾਲ ਤਲਵਾਰ ਚਲਾਈ ਕਿ ਮੀਰ ਖ਼ਾਂ ਦਾ ਸਿਰ ਪੱਕੇ ਫਲ ਵਾਂਗ ਲਹਿ ਕੇ ਧਰਤੀ ਤੇ ਜਾ ਪਿਆ। ਹੁਣ ਗੁਰੂ ਦਲ ਦੇ ਹੱਸਣ ਦੀ ਵਾਰੀ ਆਈ।

"ਨਿਜਾਬਤ ਖ਼ਾਨ ਤੇ ਭੀਖਣ ਖਾਨ ਨੂੰ ਇਸ ਗੱਲ ਤੇ ਬੜੀ ਖਾਰ ਆਈ। ਖ਼ਬਰੇ, ਉਹ ਸੋਚਦੇ ਸਨ, ਗੁਰੂ ਇਨ੍ਹਾਂ ਕੰਮੀਆਂ-ਕਮੀਣਾਂ ਨੂੰ ਸਾਥੋਂ ਲੁਕਾ ਕੇ ਕਿੱਥੇ ਸ਼ਸਤਰ ਵਿਦਿਆ ਸਿਖਾਂਦਾ ਰਿਹਾ ਹੈ। ਨਿਜਾਬਤ ਖ਼ਾਨ ਨੇ ਪਠਾਣਾਂ ਨੂੰ ਲਲਕਾਰਿਆਂ, 'ਓਏ ਪਠਾਣੋ ! ਕਿਉਂ ਹੌਸਲਾ ਹਾਰ ਬੈਠੇ ਓ ? ਕਾਇਰੋ, ਉਨ੍ਹਾਂ ਤੋਂ ਡਰਦੇ ਭੱਜੇ ਜਾਂਦੇ ਹੋ ਜਿਨ੍ਹਾਂ ਨੂੰ ਹਥਿਆਰ ਫੜਨੇ ਵੀ ਨਹੀਂ ਆਉਂਦੇ। ਇਹ ਹੌਸਲਾ ਹਾਰਨ ਦਾ ਨਤੀਜਾ ਹੈ। ਤਗੜੇ ਹੋਵੋ, ਜਿੱਥੇ ਖੜੇ ਹੋ ਉਥੇ ਹੀ ਜੰਮ ਜਾਓ, ਜਿੱਤ ਤੁਹਾਡੀ ਹੀ ਹੋਵੇਗੀ।'

"ਇਸ ਤਰ੍ਹਾਂ ਹੌਸਲਾ ਦੇ ਕੇ ਉਨ੍ਹਾਂ ਨੇ ਪਠਾਣਾਂ, ਹਰੀ ਚੰਦ ਦੀ ਸੈਨਾ ਤੇ ਮਧੁਕਰ ਸ਼ਾਹ ਦੇ ਜੋਧਿਆਂ ਦਾ ਇਕ ਵੱਡਾ ਦਲ ਬਣਾ ਕੇ ਇਕ ਵੱਡਾ ਹਮਲਾ ਫੇਰ ਸ਼ੁਰੂ ਕਰ ਦਿਤਾ। ਤਗੜੇ ਹੋ ਕੇ ਉਹ ਗੋਲੀਆਂ ਤੇ ਤੀਰਾਂ ਦੀ ਵਾਛੜ ਕਰਦੇ ਗੁਰੂ-ਦਲ ਤੇ ਆ ਪਏ। ਲਾਗੇ ਆ ਕੇ ਬਰਛਿਆਂ, ਤੋਮਰਾਂ, ਭਾਲਿਆਂ, ਸੀਖਚਿਆਂ, ਸੇਲਿਆਂ, ਨਾਗਣੀਆਂ ਤੇ ਤ੍ਰਿਸੂਲਾਂ ਦੀ ਲੜਾਈ ਮਚ ਗਈ। ਗੁਰੂ ਦਲ ਦੇ ਬੜੇ ਸੈਨਕਾਂ ਦਾ ਨੁਕਸਾਨ ਹੋਇਆ। ਪਰ ਨੰਦ ਚੰਦ, ਦਯਾ ਰਾਮ ਪ੍ਰੋਹਤ, ਸ੍ਰੀ ਸੰਗੋਸ਼ਾਹ, ਜੀਤ ਮਲ, ਗੰਗਾ ਰਾਮ, ਮਾਹਰੀ ਚੰਦ, ਗੁਲਾਬ ਚੰਦ ਨੇ ਕਰੜਾ ਟਾਕਰਾ ਕੀਤਾ। ਕੀਟ ਵੀ ਇਸ ਜੁੱਧ ਵਿਚ ਸ਼ਾਮਲ ਸੀ। ਗੁਰੂ ਜੀ ਦੇ ਮਾਮਾ ਜੀ, ਸ੍ਰੀ ਕਿਰਪਾਲ ਜੀ ਨੇ ਤੀਰਾਂ ਨਾਲ ਚੁਣ ਚੁਣ ਕੇ ਦੁਸ਼ਮਣਾਂ ਦੇ ਜੋਧੇ ਰੋੜ੍ਹੇ, ਪਰ ਆਪ ਰਣ ਥੰਭੇ ਵਾਂਗ ਦ੍ਰਿੜ੍ਹ ਰਹੇ। (ਚਲਦਾ)



www.AKJ.Org

# ਰਾਗ ਮਾਲਾ ਪੜਚੋਲ

ਗਿ: ਸੁਰਜੀਤ ਸਿੰਘ ਜੀ

(ਮੈਂਬਰ ਧਰਮ ਪ੍ਰਚਾਰ ਕਮੇਟੀ-ਦਿੱਲੀ)

ਵਿਸ਼ੇਸ਼ ਧਿਆਨ ਯੋਗ-1430 ਪੰਨਿਆਂ ਵਾਲੀ ਛਾਪੇ ਵਾਲੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਪੰਨਾ ਨੰ: 1429 ਦੇ ਹੇਠੋਂ ਅਰੰਭ ਹੋ ਕੇ 1430 ਭਾਵ ਅੰਤਮ ਪੰਨੇ ਤੀਕ 'ਰਾਗ ਮਾਲਾ' ਦਰਜ ਹੈ। ਮੁੰਦਾਵਣੀ ਮਹਲਾ ੫- "ਥਾਲ ਵਿਚਿ ਤਿੰਨਿ ਵਸਤੂ ਪਈਓ" ਅਤੇ ਸਲੋਕ ਮਹਲਾ ੫- 'ਤੇਰਾ ਕੀਤਾ ਜਾਤੋ ਨਾਹੀ' ਦੀ ਸਮਾਪਤੀ ਤੋਂ ਉਪਰੰਤ ਇਹ ਰਚਨਾ ਅਰੰਭ ਹੁੰਦੀ ਹੈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀਦਾਰੇ, ਅਤੇ ਗੁਰਬਾਣੀ ਉਪਰ ਗਹੁ ਨਾਲ ਵਿਚਾਰ ਕਰਨ ਵਾਲੇ ਸੱਜਣ ਭਲੀ ਪ੍ਰਕਾਰ ਜਾਣਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਇਕ ਸ਼ਬਦ ਬਾਰੇ ਇਹ ਕਹਿਣਾ ਤਾਂ ਬੜੀ ਵਡੀ ਗੱਲ ਹੈ, ਇਕ ਪੰਕਤੀ ਵੀ ਅਜਿਹੀ ਨਹੀਂ ਜਿਸਦੇ ਰਚਨਹਾਰੇ ਬਾਰੇ ਕੋਈ ਭੁਲੇਖਾ ਪੈ ਸਕਦਾ ਹੋਵੇ। ਇਕ ਦੋਹਿਰਾ ਜਾਂ ਸਲੋਕ ਵੀ ਅਜੇਹਾ ਨਹੀਂ ਜਿਸਦੇ ਲਿਖਣ ਵਾਲੇ ਬਾਰੇ ਨਿਰਣਾ ਗੁਰੂ ਪਾਤਸ਼ਾਹ ਨੇ ਸਿਖਾਂ ਉਤੇ ਛਡਿਆ ਹੋਵੇ ਜਾਂ ਪੜ੍ਹਨ ਵਾਲੇ ਨੂੰ ਇਸ ਬਾਰੇ ਹਨੇਰੇ ਵਿਚ ਰਖਿਆ ਹੋਵੇ। ਗੁਰਬਾਣੀ ਵਿਚ ਕੇਵਲ ਇਕ ਪੰਕਤੀ 'ਸੂਰਦਾਸ' ਦੀ ਹੈ, ਤਾਂ ਪੰਚਮ ਪਾਤਸ਼ਾਹ ਜੀ ਨੇ ਉਸ ਨਾਲ ਵੀ ਲਫਜ਼ 'ਸੂਰਦਾਸ' ਦਰਜ ਕੀਤਾ ਹੈ ਅਤੇ ਬਾਕੀ ਸ਼ਬਦ ਨਾਲ ਮ: ੫ । ਇਸੇ ਤਰਾਂ ਸਲੋਕਾਂ ਵਿਚ ਜੋ ਕਿਧਰੇ ਫਰੀਦ ਸਾਹਿਬ ਜਾਂ ਕਬੀਰ ਸਾਹਿਬ ਦੇ ਕਿਸੇ ਸਲੋਕ ਅਰਥ ਭਾਵ ਨੂੰ ਹੋਰ ਨਿਖਾਰਨ ਦੀ ਲੋੜ ਪਈ ਤਾਂ ਜਿਸ ਗੁਰੂ ਵਿਅਕਤੀ ਦਾ ਸਲੋਕ ਨਾਲ ਜੋੜਿਆ, ਉਸ ਨਾਲ ਸੰਬੰਧਤ ਮਹਲਾ ਨੰਬਰ ਵੀ ਦਰਜ ਕਰ ਦਿਤਾ। ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ 14ਵੇਂ ਚਉਪਦੇ (ਪੰਨਾ 326) ਦੇ ਤਿੰਨ ਪਦੇ ਤਾਂ ਕਬੀਰ ਸਾਹਿਬ ਜੀ ਦੇ ਹਨ, ਚਉਥਾ ਪਦਾ ਜਦ ਪੰਜਵੇਂ ਪਾਤਸ਼ਾਹ ਜੀ ਨੇ ਆਪ ਜੋੜਿਆ ਤਾਂ ਨਾਲ ਸਪਸ਼ਟ ਸੇਧ ਦਿਤੀ 'ਗਉੜੀ ਕਬੀਰ ਜੀ ਕੀ, ਨਾਲਿ ਰਲਾਇ ਲਿਖਿਆ' ਮਹਲਾ ੫। ਪੰਨਾ ੪੮੭ ਉਪਰ ਆਸਾ ਰਾਗ ਵਿਚ ਭਗਤ ਧੰਨਾ ਜੀ ਦੇ ਤਿੰਨ ਸ਼ਬਦ ਹਨ। ਪਹਿਲੇ ਸ਼ਬਦ ਵਿਚ ਧੰਨਾ ਜੀ ਦਸਦੇ ਹਨ ਕਿ ਮੈਨੂੰ ਰੱਬੀ ਗਿਆਨ ਭਾਵ ਗੁਰੂ ਦੀ ਪ੍ਰਾਪਤੀ , ਸੰਤ ਜਨਾਂ ਦੇ ਮੇਲ ਅਤੇ ਸਾਧ ਸੰਗਤ ਵਿਚੋਂ ਹੋਈ। ਭਗਤ ਜੀ ਬਾਰੇ ਸ਼ਰਾਰਤੀ ਲੋਕਾਂ ਨੇ ਇਕ ਕਹਾਣੀ ਪ੍ਰਚਲਤ ਕਰ ਦਿਤੀ ਅਤੇ ਉਸਦਾ ਪ੍ਰਚਾਰ ਵੀ ਬੜਾ ਕੀਤਾ ਗਿਆ ਕਿ ਧੰਨਾ ਜੀ ਨੂੰ ਪ੍ਰਭੂ ਦੀ ਪ੍ਰਾਪਤੀ ਇਕ ਪੰਡਿਤ ਰਾਹੀਂ ਦਿਤੇ ਪੱਥਰ ਦੇ ਠਾਕਰ ਵਿਚ ਹੋਈ। ਸੱਚ ਦੇ ਰਾਹ ਨੂੰ ਜਾਨਣ ਵਾਲੇ ਜਾਣਦੇ ਹਨ ਕਿ ਪੱਥਰ ਪੂਜਾ ਵਿਚੋਂ ਰੱਬ ਦੀ ਪ੍ਰਾਪਤੀ ਦੀਆਂ ਗੱਲਾਂ ਕਰਨੀਆਂ ਜਾਂ ਕਹਾਣੀਆਂ ਘੜਨੀਆਂ ਕੇਵਲ ਨਾਸਮਝੀ ਹੈ ਅਤੇ ਹਨੇਰੇ ਵਿਚ ਫਸੇ ਲੋਕਾਂ ਨੂੰ ਹੋਰ ਕੁਰਾਹੇ ਪਾਣ ਦੀ ਗੱਲ ਹੈ। ਪੰਚਮ ਪਾਤਸ਼ਾਹ ਜੀ ਨੇ ਇਨ੍ਹਾਂ ਸੰਤ ਜਨਾਂ ਦਾ ਵੇਰਵਾ ਦੇਣਾ ਜ਼ਰੂਰੀ ਸਮਝਿਆ ਤਾਂ ਜੋ ਲੋਕਾਂ ਨੂੰ ਸੱਚਾਈ ਦਾ ਪਤਾ ਲਗ ਸਕੇ। ਧੰਨਾ ਜੀ ਦੇ ਸ਼ਬਦਾਂ ਵਿਚ ਹੀ ਪੰਜਵੇਂ ਪਾਤਸ਼ਾਹ ਨੇ 'ਮਹਲਾ 5' ਲਿਖ ਕੇ ਇਕ ਸ਼ਬਦ ਆਪਣੇ ਵਲੋਂ ਜੋੜ ਦਿਤਾ ਸ਼ਬਦ ਤਾਂ ਧੰਨਾ ਜੀ ਦੇ ਚਲ ਰਹੇ ਹਨ, ਪਰ ਸਪਸ਼ਟ ਕਰ ਦਿਤਾ ਕਿ ਇਹ ਸ਼ਬਦ ਧੰਨਾ ਜੀ ਦੇ ਪ੍ਰਥਾਇ ਹੈ ਭਾਵੇਂ ਹੈ ਪੰਚਮ ਪਿਤਾ ਜੀ ਦਾ। ਮੁਕਦੀ ਗਲ ਸਾਰੀ ਗੁਰਬਾਣੀ ਵਿਚ ਇਕ ਪੰਕਤੀ ਵੀ ਅਜੇਹੀ ਨਹੀਂ ਜਿਸਦੇ ਲਿਖਣਹਾਰ ਬਾਰੇ ਕੋਈ ਭੁਲੇਖਾ ਪੈ ਸਕੇ।

ਰਾਗ ਮਾਲਾ ਬਾਰੇ ਇਹ ਇਕ ਅਨੋਖੀ ਗੱਲ ਹੈ। ਛਾਪੇ ਦੀਆਂ ਬੀੜਾ ਵਿਚ ਉਪਰ '੧ਓ ਸਤਿਗੁਰ ਪ੍ਰਸਾਦਿ' ਤਾਂ ਛਾਪ ਦਿਤਾ, ਪਰ ਲਿਖਣਹਾਰੇ ਬਾਰੇ ਕੋਈ ਸੂਚਨਾ ਨਹੀਂ। ਕੁਝ ਵਿਦਵਾਨ ਵਾਧੂ ਦੇ ਅੰਦਾਜ਼ੇ ਲਗਾ ਕੇ ਇਸਦੇ ਰਚਨਹਾਰੇ ਪੰਚਮ ਪਾਤਸ਼ਾਹ ਦਸਦੇ ਹਨ, ਜੋ ਕਿ ਬਿਲਕੁਲ ਨਿਰਮੂਲ ਅਤੇ ਗੁਰਬਾਣੀ ਗਿਆਨ ਤੋਂ ਕੋਰੇ ਹੋਣ ਦਾ ਸਪਸ਼ਟ ਸਬੂਤ ਹੈ। ਜਿਸ ਪੰਚਮ ਪਿਤਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਇਕ ਇਕ ਪੰਕਤੀ ਸਲੋਕ, ਦੋਹੇ ਅਤੇ ਹਰ ਇਕ ਛੋਟੀ ਤੋਂ ਛੋਟੀ ਰਚਨਾ ਬਾਰੇ ਪੂਰੀ-ਪੂਰੀ ਸੇਧ ਦਿਤੀ, ਉਹ ਪਾਤਸ਼ਾਹ ਇਸ ਰਚਨਾ ਨੂੰ ਨਿਖਸਮੀ ਕਿਵੇਂ ਛੱਡ ਸਕਦੇ ਸਨ। ਪੰਜਵੇਂ ਪਾਤਸ਼ਾਹ ਨੂੰ ਇਸ ਦਾ ਲਿਖਣਹਾਰਾ ਦਸਣਾ ਕਿਸੇ ਤਰਾਂ ਵੀ ਯੁਕਤੀ-ਪੂਰਨ ਨਹੀਂ। ਰਾਗ ਮਾਲਾ ਗੁਰਬਾਣੀ ਹੈ ਜਾਂ ਕੱਚੀ ਰਚਨਾ ਇਸ ਬਾਰੇ ਪੰਥ ਵਿਚ ਦੋ ਰਾਵਾਂ ਹਨ, ਪਰ ਸਚਾਈ ਤੀਕ ਅਪੜਣ ਵਾਸਤੇ ਕੁਝ ਹੇਠ ਲਿਖੇ ਤੱਥ ਅਖੋ ਉਹਲੇ ਨਹੀਂ ਕੀਤੇ ਜਾ ਸਕਦੇ।

(1) ਰਾਗ ਮਾਲਾ ਸ੍ਰੀ ਅਕਾਲ ਤਖਤ ਸਾਹਿਬ ਉਪਰ ਪੜ੍ਹਨੀ ਵਿਵਰਜਿਤ ਹੈ ਅਤੇ ਨਹੀਂ ਪੜ੍ਹੀ ਜਾਂਦੀ। ਪਰ ਹਰਿਮੰਦਿਰ ਸਾਹਿਬ ਵਿਚ ਪੜ੍ਹੀ ਜਾਂਦੀ ਹੈ। ਜੇ ਇਹ ਗੁਰਬਾਣੀ ਹੈ ਤਾਂ ਦੋਹਰਾ ਮਾਪ ਦੰਡ ਕਿਉਂ ? ਫਿਰ ਗੁਰਬਾਣੀ ਪੜ੍ਹਨ ਉਪਰ ਤਾਂ ਪਾਬੰਦੀ ਲੱਗ ਹੀ ਨਹੀਂ ਸਕਦੀ। ਨਨਕਾਣਾ ਸਾਹਿਬ ਵਿਖੇ ਵੀ ਨਹੀਂ ਸੀ ਪੜ੍ਹੀ ਜਾਂਦੀ। ਕਿਉਂ ?

(2) ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਵਿਚ ਰਾਗ ਮਾਲਾ ਬਾਰੇ ਇਉਂ ਲਿਖਿਆ ਹੈ :-

"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ( ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗ ਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ (ਇਸ ਗੱਲ ਬਾਰੇ ਪੰਥ ਵਿਚ ਅਜੇ ਤਕ ਮਤਭੇਦ ਹੈ ਇਸ ਲਈ ਰਾਗ ਮਾਲਾ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਦਾ ਹੀਆ ਕੋਈ ਨਾ ਕਰੇ)"

ਸੋਚਣ ਅਤੇ ਸਮਝਣ ਦਾ ਵਿਸ਼ਾ ਤਾਂ ਇਹ ਹੈ. ਕਿ, ਕੀ ਕਿਸੇ ਪੰਥਕ ਆਗੂ ਜਾਂ ਜਥੇਬੰਦੀ ਨੂੰ ਇਹ ਅਧਿਕਾਰ ਹੈ ਕਿ ਗੁਰਬਾਣੀ ਦੇ ਕਿਸੇ ਅੰਗ ਵਾਸਤੇ ਪੰਥ ਨੂੰ ਇਹ



www.AKJ.Org

ਹਿਦਾਇਤ ਕਰ ਸਕੇ ਕਿ ਭਾਵੇਂ ਕੋਈ ਪੜ੍ਹੇ ਅਤੇ ਭਾਵੇਂ ਕੋਈ ਨਾ ਪੜ੍ਹੇ ? ਪਰ ਰਾਗ ਮਾਲਾ ਬਾਰੇ ਤਾਂ ਇਹ ਫੈਸਲਾ ਸਮੁਚੇ ਪੰਥ ਦਾ ਹੈ। ਭਾਵੇਂ ਕੋਈ ਮੁੰਦਾਵਣੀ ਉਪਰ ਭੋਗ ਪਾਵੇ ਜਾਂ ਰਾਗ ਮਾਲਾ ਪੜ੍ਹ ਕੇ ਪਾਵੇ। ਜਿਸਦਾ ਸਪਸ਼ਟ ਅਰਥ ਹੈ ਕਿ ਪੰਥ ਇਸ ਸਿੱਟੇ ਉਪਰ ਪੁੱਜ ਚੁੱਕਾ ਸੀ ਕਿ ਰਾਗ ਮਾਲਾ ਗੁਰਬਾਣੀ ਨਹੀਂ, ਪਰ ਪੰਥ ਵਿਚ ਫੁੱਟ ਪੈ ਜਾਣ ਦੇ ਡਰ ਤੋਂ ਸਿੱਧਾ ਫੈਸਲਾ ਨਹੀਂ ਦਿਤਾ ਗਿਆ।

(3) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕ ਨੰਬਰ ਪੱਕੇ ਤੌਰ ਤੇ ਅਤੇ ਬੜੀ ਦੂਰਅੰਦੇਸ਼ੀ ਨਾਲ ਦਿਤੇ ਗਏ ਹਨ। ਇਕ ਇਕ ਸ਼ਬਦ ਵਿਚ ਵੇਖੋ ਹਰ ਬੰਦ ਦਾ ਨੰਬਰ ਸਪਸ਼ਟ ਹੈ। ਸ਼ਬਦਾਂ ਦੇ ਅਰੰਭ ਵਿਚ ਪੰਚ ਪਦੇ, ਚਉਪਦੇ, ਦੁਪਕੇ ਤਿਪਦੇ ਆਦਿ ਸਿਰਲੇਖ ਵੀ ਦੇ ਦਿਤੇ ਗਏ ਹਨ। ਅੰਕ ਜੋੜ ਇਤਨੇ ਵਧੀਆ ਢੰਗ ਨਾਲ ਦਿਤੇ ਹਨ ਜਿਥੇ ਕੇਵਲ ਅੰਕ ਨੰਬਰ ਦੇਖਣ ਤੋਂ ਹੀ ਪ੍ਰਤੀਤ ਹੋ ਜਾਂਦਾ ਹੈ ਕਿ ਇਸ ਰਾਗ ਵਿਚ ਫਲਾਣੇ ਗੁਰੂ ਵਿਅਕਤੀ ਦੇ ਅਥਵਾ ਭਗਤ ਦੇ ਕਿਤਨੇ ਸ਼ਬਦ ਪਹਿਲਾਂ ਆ ਚੁਕੇ ਹਨ।

ਇਸ ਤੋਂ ਉਲਟ, ਰਾਗ ਮਾਲਾ ਵਿਚ ਇਹ ਇਕ ਬੜੀ ਅਜੀਬ ਗੱਲ ਹੈ ਕਿ ਇਕ ਵਾਰੀ ਅੰਕ 'ਇਕ' ਹੀ ਆਇਆ ਹੈ। ਪੰਜ ਚੌਪਈਆਂ ਅਤੇ ਪੰਜ ਦੋਹਿਰੇ ਆਏ ਹਨ ਪਰ ਹਰ ਇਕ ਤੋਂ ਬਾਦ ਅੰਕ-ਇਕ ਹੀ ਦਿਤਾ ਗਿਆ ਹੈ। ਜਿਥੋਂ ਪਾਠਕ ਨਾ ਤਾਂ ਆਪ ਹੀ ਸਮਝ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਦਸ ਸਕਦਾ ਹੈ ਕਿ ਉਹ ਕਿਸ ਨੰਬਰ ਦੇ ਬੰਦ ਦੀ ਗੱਲ ਕਰ ਰਿਹਾ ਹੈ।

(4) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਜਦੋਂ ਵੀ ਕੋਈ ਬੰਦ ਮੁਕੰਮਲ ਹੋਇਆ ਤਾਂ ਉਸ ਬੰਦ ਵਿਚ ਦਿਤਾ ਪ੍ਰਮਾਣ, ਵਿਸ਼ਾ ਪੂਰੀ ਤਰਾਂ ਨਿਭਾਇਆ ਹੈ ਅਤੇ ਕਿਧਰੇ ਅਧੂਰਾ ਨਹੀਂ ਛਡਿਆ। ਪਰ ਰਾਗ ਮਾਲਾ ਦੀ ਰਚਨਾ 'ਚ ਕਾਵਿ ਰਚਨਾ ਦੀ ਇਹ ਖੂਬੀ ਮੌਜੂਦ ਨਹੀਂ। ਮਿਸਾਲ ਵਜੋਂ ਆਰੰਭ ਵਿਚ ਭੈਰਉ ਰਾਗ ਦੀ ਗੱਲ ਚੱਲੀ ਹੈ। ਭੈਰਉ ਰਾਗ ਦੇ ਦਸੇ ਗਏ, ਅੱਠ ਪੁਤਰਾਂ ਦਾ ਜਿਕਰ ਤਾਂ ਖਤਮ ਨਹੀਂ ਹੋਇਆ, ਪਰ ਚੌਪਈ ਦੀਆਂ ਅਠੋਂ ਤੁਕਾਂ ਖਤਮ ਹੋ ਗਈਆਂ ਹਨ ਅਤੇ ਬੰਦ ਦੇ ਖਾਤਮੇ ਦੀ ਸੂਚਨਾ ਨੰ: 'ਇਕ' ਲਗਾ ਦਿਤੀ ਅਤੇ ਬਾਕੀ ਛੁਟ ਗਏ, ਭੈਰਉ ਰਾਗ ਦੇ ਦੋ ਪੁੱਤਰ ਲਲਤ ਤੇ ਬਿਲਾਵਲ ਦਾ ਜਿਕਰ ਅਗੋਂ ਦੋਹਰੇ ਵਿਚ ਚਲਾਇਆ ਹੈ। ਇਹ ਜੋੜ ਤੋੜ ਅਤੇ ਬੇ-ਨਿਯਮਤਤਾ ਬਾਕੀ ਰਾਗ ਮਾਲਾ ਵਿਚ ਵੀ ਇਸੇ ਤਰਾਂ ਵੇਖੀ ਜਾ ਸਕਦੀ ਹੈ।

(5) ਮੇਘ ਰਾਗ ਦੀਆਂ ਪੰਜ ਰਾਗਣੀਆਂ ਵਿਚ ਅਤੇ ਸ੍ਰੀ ਰਾਗ ਦੇ ਅੱਠ ਪੁਤਰਾਂ ਵਿਚ ਦੋਹੀਂ ਥਾਵੀਂ ਰਾਗ ਗੌਂਡ ਨੂੰ ਦੋ ਵਾਰੀ ਵਰਤਿਆ ਗਿਆ ਹੈ। ਜਦੋਂ ਇਕ ਰਾਗ ਨੂੰ ਇਕ ਰਾਗ ਸੀਰੀਜ (ਲੜੀ) ਵਿਚ ਜੋੜ ਦਿਤਾ ਗਿਆ ਤਾਂ ਉਹੀ ਰਾਗ ਫਿਰ ਦੂਜੇ ਰਾਗ ਵਿਚ ਜੋੜਨਾ ਰਾਗ ਵਿਦਿਆ ਅਨੁਸਾਰ ਕਿਥੋਂ ਤੀਕ ਉਚਿਤ ਹੈ। ਪਾਠਕ ਸੱਜਣ ਆਪ ਵਿਚਾਰ ਲੈਣ।

(6) ਸੰਸਕ੍ਰਿਤ ਦੇ ਪੁਨਾ (ਪੁਨ:) ਸ਼ਬਦ ਤੋਂ ਬਣਿਆ ਸ਼ਬਦ ਪੁਨਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਧਰੇ ਨਹੀਂ ਵਰਤਿਆ। ਜਿਥੇ ਵੀ ਲੋੜ ਪਈ ਇਸ ਦਾ ਸਰੂਪ ਫੁਨਿ ਵਰਤਿਆ ਹੈ। ਪਰ ਰਾਗ ਮਾਲਾ ਵਿਚ ਇਹ ਪਹਿਲੀ ਅਤੇ ਆਖਰੀ ਵਾਰ ਆਇਆ ਹੈ। ਸਾਹਿਤਕ ਦ੍ਰਿਸ਼ਟੀਕੋਣ ਤੋਂ ਇਹ ਗੱਲ ਕਿਸੇ ਵੀ ਰਚਨਾ ਵਿਚ ਸਿੱਧੀ ਮਿਲਾਵਟ ਅਥਵਾ ਜੋੜ-ਤੋੜ ਦਾ ਪ੍ਰਤੱਖ ਸਬੂਤ ਹੈ।

(7) ਕੁਝ ਸੱਜਣਾਂ ਦਾ ਇਹ ਕਹਿਣਾ ਵੀ ਯੋਗ ਨਹੀਂ ਕਿ ਰਾਗ ਮਾਲਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ ਅਤੇ ਇਸ ਵਾਸਤੇ ਗੁਰਬਾਣੀ ਹੈ। ਸੱਚਾਈ ਤਾਂ ਇਹ ਹੈ ਕਿ ਰਾਗ ਮਾਲਾ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਹੈ ਹੀ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕੋਈ ਰਚਨਾ ਤਾਂ ਕੀ, ਇਕ ਸ਼ਬਦ ਅਥਵਾ ਪੰਕਤੀ ਵੀ ਅਜੇਹੀ ਨਹੀਂ ਜਿਸ ਨੂੰ ਘਟਾਇਆ ਜਾਂ ਵਧਾਇਆ ਜਾ ਸਕੇ। ਪੰਚਮ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਅੰਕ ਨੰਬਰ, ਤਰਤੀਬ ਅਤੇ ਵਿਆਕਰਣ ਦੀ ਅਜੇਹੀ ਨਿਯਮਾਵਲੀ ਵਰਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੋਈ ਮਿਲਾਵਟ ਹੋ ਹੀ ਨਹੀਂ ਸਕਦੀ।

ਸੱਚਾਈ ਤਾਂ ਇਹ ਹੈ ਕਿ ਗੁਰਬਾਣੀ ਸਮਾਪਤੀ ਤੋਂ ਬਾਅਦ ਮੁੰਦਾਵਣੀ ਬਿਲਕੁਲ ਆਖਰੀ ਪੰਨੇ ਉਪਰ ਹੈ ਪਰ ਰਾਗ ਮਾਲਾ ਗੁਰਬਾਣੀ ਵਿਚ ਨਹੀਂ ਗੁਰਬਾਣੀ ਅਥਵਾ ਮੁੰਦਾਵਣੀ ਤੋਂ ਬਾਅਦ ਅਤੇ ਬਾਹਰ ਹੈ।

(8) ਕੁਝ ਸੱਜਣਾ ਦਾ ਇਹ ਕਹਿਣਾ ਵੀ ਉਚਿਤ ਅਤੇ ਨਿਆਂ ਸੰਗਤ ਨਹੀਂ ਕਿ ਰਾਗ ਮਾਲਾ ਗੁਰਬਾਣੀ ਵਿਚ ਵਰਤੇ ਗਏ ਰਾਗਾਂ ਦੀ ਸੂਚਨਾ ਅਤੇ ਨਿਚੋੜ ਹੈ। ਇਸ ਨੂੰ ਸਮਝਣ ਵਾਸਤੇ ਕੁਝ ਵਿਸ਼ੇ ਵਿਸ਼ੇਸ਼ ਧਿਆਨ ਮੰਗਦੇ ਹਨ।

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕੁਲ ਰਾਗਾਂ ਦੀ ਗਿਣਤੀ 31 ਹੈ। ਅਤੇ ਛੇ ਹੋਰ ਰਾਗ ਦੂਜੇ ਰਾਗਾਂ ਨਾਲ ਮਿਲਾ ਕੇ ਪੜ੍ਹਨ ਦੀ ਹਿਦਾਇਤ ਹੈ। ਇਸ ਤਰਾਂ ਕੁਲ 37 ਰਾਗ ਗੁਰਬਾਣੀ ਅੰਦਰ ਆਏ ਹਨ। ਜੇ ਸਚਮੁੱਚ ਹੀ ਰਾਗ ਮਾਲਾ ਗੁਰਬਾਣੀ ਵਿਚ ਵਰਤੇ ਗਏ ਰਾਗਾਂ ਦਾ ਨਿਚੋੜ ਜਾਂ ਸੂਚਨਾ ਹੁੰਦੀ ਤਾਂ ਇਸ ਅੰਦਰ ਗੁਰਬਾਣੀ ਵਿਚ ਵਰਤੇ ਰਾਗ ਤਾਂ ਘਟੋ ਘੱਟ ਅਵੱਸ਼ ਹੁੰਦੇ। ਪਰ ਸੱਚਾਈ ਇਹ ਹੈ ਕਿ ਇਸ ਅੰਦਰ ਵਰਤੇ ਅਨੇਕਾਂ ਰਾਗ ਗੁਰਬਾਣੀ ਵਿਚ ਹੈਣ ਹੀ ਨਹੀਂ ਅਤੇ ਗੁਰਬਾਣੀ ਵਿਚ ਦਿਤੇ ਅਨੇਕਾਂ ਰਾਗ, ਇਸ ਮਾਲਾ ਵਿਚ ਨਹੀਂ।

(ਅ) ਰਾਗ ਮਾਲਾ ਅਨੁਸਾਰ ਛੇ ਰਾਗ (ਖਸਟਰਾਗ) ਵੱਡੇ ਰਾਗ ਮੰਨੇ ਹਨ ਅਤੇ ਇਹਨਾਂ ਛੇ ਰਾਗਾਂ ਵਿਚੋਂ


www.AKJ.Org

ਤਿੰਨ ਰਾਗ ਮਾਲਕੋਸ, ਦੀਪਕ ਅਤੇ ਮੇਘ ਰਾਗ ਗੁਰੂ ਗ੍ਰੰਥ ਸਾਹਿਬ ਜੀ ਵਿਚ ਉੱਕਾ ਹੀ ਨਹੀਂ।

(ਇ) ਗੁਰਬਾਣੀ ਵਿਚ ਗੁਰੂ ਸਾਹਿਬ ਨੇ ਅਰੰਭਕ 'ਸ੍ਰੀ ਰਾਗ' ਮੰਨਿਆ ਹੈ ਅਤੇ ਗੁਰਬਾਣੀ ਦੀ ਤਰਤੀਬ ਇਸ ਤੋਂ ਅਰੰਭ ਕੀਤੀ ਹੈ। ਗੁਰਦੇਵ ਦਾ ਫੁਰਮਾਨ ਹੈ 'ਰਾਗਾ ਵਿਚ ਸ੍ਰੀ ਰਾਗ ਹੈ'। ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਫੁਰਮਾਂਦੇ ਹਨ 'ਰਾਗਨ ਮੇਂ ਸਿਰੀ ਰਾਗ' ਪਰ ਦੂਜੇ ਪਾਸੇ ਰਾਗ ਮਾਲਾ ਵਿਚ ਪ੍ਰਥਮ ਅਤੇ ਮੁਖ ਰਾਗ ਭੈਰਵ ਮੰਨਿਆ ਗਿਆ ਹੈ 'ਪ੍ਰਥਮ ਰਾਗ ਭੈਰਵ ਵੈ ਕਰਹੀ'। ਰਾਗ ਵਿਦਿਆ ਅਨੁਸਾਰ ਇਹ ਬੜਾ ਭਾਰੀ ਸਵੈ ਵਿਰੋਧ ਅਤੇ ਜ਼ਮੀਨ ਆਸਮਾਨ ਦੇ ਅੰਤਰ ਦੇ ਤੁਲ ਹੈ।

(ਸ) ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਪਾਤਸ਼ਾਹ ਜੀ ਨੇ ਰਾਗ ਗਉੜੀ, ਗੂਜਰੀ, ਧਨਾਸਰੀ, ਸੋਰਠ ਆਦਿ ਨੂੰ ਪੂਰੇ ਰਾਗਾਂ ਵਜੋਂ ਵਰਤਿਆ ਅਤੇ ਅਪਨਾਇਆ ਹੈ। ਪਰ ਰਾਗ ਮਾਲਾ ਦੇ ਲਿਖਾਰੀ ਨੇ ਇਹਨਾਂ ਰਾਗਾਂ ਨੂੰ ਕੇਵਲ ਰਾਗਣੀਆਂ ਹੀ ਮੰਨਿਆ ਹੈ, ਕਿਉਂ ?

(੭) ਕੁਝ ਸੱਜਣਾਂ ਦਾ ਇਹ ਵਿਚਾਰ ਹੈ ਕਿ ਜੇ ਕਰ ਰਾਗ ਮਾਲਾ ਗੁਰਬਾਣੀ ਨਹੀਂ ਤਾਂ ਇਹ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਕਿਵੇਂ ਦਰਜ ਹੋ ਗਈ ? ਸੱਚਾਈ ਤਾਂ ਇਹ ਹੈ ਕਿ ਜਿਨ੍ਹਾਂ ਸੱਜਣਾਂ ਨੇ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਦਰਸ਼ਨ ਕੀਤੇ ਹਨ ਉਹ ਜਾਣਦੇ ਹਨ ਕਿ ਜਿਸ ਅੰਤਮ ਅੱਧੇ ਪੰਨੇ ਉਪਰ ਮੁੰਦਾਵਣੀ ਤੀਕ ਗੁਰਬਾਣੀ ਦੀ ਸਮਾਪਤੀ ਹੁੰਦੀ ਹੈ ਉਹ ਬਾਕੀ ਪੰਨਾ ਅਤੇ ਉਸਦਾ ਪਿਛਲਾ ਪੰਨਾ ਵੀ ਖਾਲੀ ਪਏ ਹਨ ਫਿਰ ਉਸਤੋਂ ਅਗਲੇ ਪੰਨੇ ਉਪਰ ਜਾ ਕਰਕੇ ਰਾਗ ਮਾਲਾ ਦਰਜ ਹੋਈ ਹੈ। ਇਸ ਸੱਚਾਈ ਨੂੰ ਪ੍ਰਗਟ ਕਰਨ ਦੀ ਲੋੜ ਇਸ ਕਰਕੇ ਪਈ ਤਾਂ ਜੋ ਕੁਝ ਸੱਜਣ ਉਚੇਚੇ ਤੌਰ ਉਪਰ ਕਰਤਾਰਪੁਰ ਸਾਹਿਬ ਵਾਲੀ ਬੀੜ ਦਾ ਜ਼ਿਕਰ ਛੇੜ ਲੈਂਦੇ ਹਨ। ਵੈਸੇ ਖੋਜੀਆਂ ਅਨੁਸਾਰ ਕਰਤਾਰਪੁਰ ਸਾਹਿਬ ਵਾਲੀ ਬੀੜ ਪ੍ਰਾਚੀਨ ਜ਼ਰੂਰ ਹੈ, ਪ੍ਰਮਾਣੀਕ ਨਹੀਂ। ਪ੍ਰਮਾਣੀਕ ਦੋਵੇਂ ਬੀੜਾਂ ਕਰਤਾਰਪੁਰ ਸਾਹਿਬ ਵਾਲੀ ਜਿਹੜੀ ਪੰਚਮ ਪਾਤਸ਼ਾਹ ਨੇ ਭਾ: ਗੁਰਦਾਸ ਜੀ ਰਾਹੀਂ ਲਿਖਵਾਈ ਅਤੇ ਦਮਦਮੀ ਬੀੜ ਜਿਸ ਵਿਚ ਦਸਮ ਪਿਤਾ ਜੀ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਜੋੜੀ ਅਤੇ ਭਾ: ਸਾਹਿਬ, ਭਾ: ਮਨੀ ਸਿੰਘ ਜੀ ਪਾਸੋਂ ਲਿਖਵਾਈ, ਪੰਥ ਪਾਸ ਮੌਜੂਦ ਨਹੀਂ ਹਨ ਅਤੇ ਘਲੂਘਾਰਿਆਂ ਆਦਿ ਸਮੇਂ ਜਾਂ ਤਾਂ ਨਸ਼ਟ ਹੋ ਗਈਆਂ ਹਨ ਜਾਂ ਫਿਰ ਕਿਧਰੇ ਵਿਦੇਸ਼ੀਆਂ ਦੇ ਹੱਥ ਚੜ੍ਹ ਗਈਆਂ ਹਨ। ਪੰਥ ਵਿਚ ਉਨ੍ਹਾਂ ਬਾਰੇ ਭਾਲ ਜਾਰੀ ਹੈ।

(10) ਕਿਸੇ ਪ੍ਰਾਚੀਨ ਬੀੜ ਦੇ ਪਿਛਲੇ ਪੰਨੇ ਉਪਰ ਕਿਸੇ ਲਿਖਿਤ ਦੇ ਲਿਖੇ ਜਾਣ ਨੂੰ ਜੇਕਰ ਆਧਾਰ ਬਣਾ ਕੇ ਗੁਰਬਾਣੀ ਦਰਜਾ ਦੇਣਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋੜੀ ਰਖਣਾ ਹੈ ਤਾਂ ਤੇ ਕਈ ਪੁਰਾਤਨ ਹੱਥਲਿਖਿਤ ਬੀੜਾਂ ਦੇ ਪਿਛਲੇ ਪੰਨੇ ਉਪਰ, ਵਰਤਿਆ ਗਿਆ ਸਿਆਹੀ ਦਾ ਫਾਰਮੂਲਾ, ਮੀਰਾਬਾਈ ਦੀਆਂ ਰਚਨਾਵਾਂ ਅਤੇ ਹੋਰ ਕਈ ਗੱਲਾਂ ਅਤੇ ਵਾਧੂ ਦੀਆਂ ਰਚਨਾਵਾਂ ਵੀ ਹਨ। ਫਰਕ ਕੇਵਲ ਇਤਨਾ ਹੈ ਕਿ ਉਹ ਪ੍ਰਚਲਤ ਨਹੀਂ ਹੋ ਪਾਈਆਂ ਅਤੇ ਰਾਗਾਂ ਦੇ ਨਾਵਾਂ ਦੀ ਲੜੀ ਹੋਣ ਕਰਕੇ ਇਸ ਤੋਂ ਕਈ ਸੱਜਣ ਰਾਗਾਂ ਦੇ ਨਿਚੋੜ ਦੀ ਸੂਚਨਾ ਜਾਂ ਤੱਤਕਰਾ ਦਾ ਟੱਪਲਾ ਖਾ ਗਏ। ਦੂਜਾ ਛਾਪੇ ਵਾਲੀਆਂ ਬੀੜਾਂ ਦੇ ਅੰਤ ਵਿਚ ਇਹ ਰਾਗ ਮਾਲਾ ਇਕ ਵਾਰੀ ਛੱਪ ਜਾਨ ਨਾਲ ਫਿਰ ਅਗਿਆਨਤਾ ਵਸ ਪ੍ਰਚਲਤ ਹੋਗਈ।

ਇਕ ਲਿਖਾਰੀ ਸੱਜਣ ਨੇ ਇਕ ਨਵੀਂ ਅਤੇ ਅਜੀਬ ਮੰਤਕ ਦਿਤੀ ਹੈ। ਉਹ ਲਿਖਦੇ ਹਨ ਕਿ ਜਿਵੇਂ ਤੱਤਕਰਾ ਬਾਣੀ ਨਾਲ ਸੰਬੰਧ ਨਹੀਂ ਰਖਦਾ ਪਰ ਹੈ ਤਾਂ ਇਸ ਬਾਣੀ ਦਾ, ਇਸੇ ਤਰਾਂ ਰਾਗ ਮਾਲਾ ਦਾ ਮੂਲ ਬਾਣੀ ਨਾਲ ਕੋਈ ਸੰਬੰਧ ਨਹੀਂ, ਪਰ ਹੈ ਨਿਚੋੜ। ਗੁਰਬਾਣੀ ਵਿਚ ਵਰਤੇ ਗਏ ਰਾਗਾਂ ਦਾ ਇਸ ਵਾਸਤੇ ਤੱਤਕਰਾ ਅਰੰਭ ਵਿਚ ਹੈ ਅਤੇ ਰਾਗ ਮਾਲਾ ਅੰਤ ਵਿਚ ਹੈ।

ਰਾਗ ਮਾਲਾ ਕਿਤਨੀ ਕੁ ਗੁਰਬਾਣੀ ਵਿਚ ਵਰਤੇ ਗਏ ਰਾਗਾਂ ਦਾ ਨਿਚੋੜ ਹੈ, ਇਸ ਬਾਰੇ ਅਸੀਂ ਨਿਰਣਾ ਤਾਂ ਵਿਚਾਰ ਨੰ: 8 ਵਿਚ ਕਰ ਚੁਕੇ ਹਾਂ, ਬਾਕੀ ਰਹੀਂ ਗੱਲ ਇਸ ਦਿਤੀ ਗਈ ਮੰਤਕ ਦੀ। ਇਸ ਬਾਰੇ ਬੇਨਤੀ ਹੈ ਕਿ ਤੱਤਕਰਾ ਤਾਂ ਕਦੇ ਬਾਣੀ ਦੇ ਨਾਲ ਨਹੀਂ ਪੜ੍ਹਿਆ ਜਾਂਦਾ ਤਾਂ ਫਿਰ ਰਾਗ ਮਾਲਾ ਉਪਰ ਵੀ ਉਹੀ ਨੀਯਮ ਲਾਗੂ ਹੁੰਦਾ ਹੈ ਤਾਂ ਤੇ ਰਾਗ ਮਾਲਾ ਵੀ ਪਾਠ ਕਰਨ ਵਾਸਤੇ ਨਹੀਂ। ਇਸਦੇ ਨਾਲ ਹੀ ਤੱਤਕਰਾ ਅਤੇ ਨਿਚੋੜ ਦੇ ਫਰਕ ਨੂੰ ਸਮਝਣਾ ਵੀ ਜ਼ਰੂਰੀ ਹੈ। ਕੀ ਕਦੇ ਕਿਸੇ ਸੱਜਣ ਜਾਂ ਸੰਸਥਾ ਨੇ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਕਰਨ ਸਮੇਂ ਕਦੇ ਅਰੰਭਕ ਤੱਤਕਰਾ ਪੜ੍ਹਿਆ ਹੈ ? ਅਤੇ ਨ ਹੀ ਅਜੇਹਾ ਕੋਈ ਨਿਯਮ ਹੀ ਹੈ।

(12) ਅੰਤ ਵਿਚ ਦਿਤੇ ਗਏ ਮੁੰਦਾਵਣੀ ਸ਼ਬਦ ਤੋਂ ਵੀ ਅਤੇ ਉਸ ਵਿਚ ਦਿਤੇ ਗਏ ਵਿਸ਼ਾ ਵਸਤੂ ਤੋਂ ਵੀ ਸਪਸ਼ਟ ਹੈ ਕਿ ਇਹ ਮੁੰਦਾਵਣੀ 'ਥਾਲਿ ਵਿਚਿ ਤਿਨਿ ਵਸਤੂ ਪਈਓ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਪਰੰਤ, ਗੁਰਬਾਣੀ ਦੇ ਇਸ ਭੰਡਾਰੇ ਬਾਰੇ, ਸਾਹਿਬਾਂ ਦੇ ਸ਼ਬਦ ਜਾਂ ਨਿਚੋੜ ਦਿਤਾ ਹੈ ਅਤੇ ਇਸੇ ਸੱਚਾਈ ਅਤੇ ਨਿਯਮ ਨੂੰ ਕਾਇਮ ਰੱਖਦੇ ਹੋਏ ਦਸਮ ਪਿਤਾ ਜੀ ਨੇ ਜਦੋਂ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕੀਤੀ ਤਾਂ ਉਸਨੂੰ ਮੁੰਦਾਵਣੀ ਦੇ ਅੰਦਰ-ਅੰਦਰ ਹੀ ਦਰਜ ਕੀਤਾ ਅਤੇ ਸਮਾਪਤੀ ਦੀ ਸੂਚਕ ਮੁੰਦਾਵਣੀ ਹੀ ਕਾਇਮ ਰੱਖੀ। ਅੰਤਕ ਮੁੰਦਾਵਣੀ ਵਾਲੇ ਸਲੋਕਾਂ ਦੇ ਅਰਥਾਂ ਬਾਰੇ ਪੰਥ ਵਿਚ ਕਦੇ ਦੋ ਰਾਵਾਂ ਨਹੀਂ।

(13) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨਾ ਦੇ ਨਿਯਮ ਦੇ ਦਰਸ਼ਨ ਕਰੀਏ। ਪਹਿਲਾਂ, ਪਹਿਲੇ ਪਾਤਸ਼ਾਹ ਦੀ ਰਚਨਾ। ਫਿਰ ਤੀਜੇ ਚੌਥੇ, ਪੰਜਵੇਂ ਅਤੇ ਨਾਵੇਂ ਪਾਤਸ਼ਾਹ ਦੀ ਰਚਨਾ ਉਪਰੰਤ ਭਗਤ



www.AKJ.Org

ਬਾਣੀ ਹੈ। ਦੂਜੇ ਪਾਤਸ਼ਾਹ ਦੀ ਰਚਨਾ ਕੇਵਲ 62 ਸਲੋਕ ਹਨ ਅਤੇ ਗੁਰਬਾਣੀ ਤਰਤੀਬ ਦਾ ਅੰਗ ਨਹੀਂ ਹਨ। ਅੰਤ ਵਿਚ ਨਾਵੇਂ ਮਹਲੇ ਦੇ ਸਲੋਕਾਂ ਤੋਂ ਉਪਰੰਤ ਫਿਰ ਸਾਰੀ ਤਰਤੀਬ ਤੋਂ ਉਲਟ ਪੰਜਵੇਂ ਮਹਲੇ ਦਾ ਇਕ ਸ਼ਬਦ ਅਤੇ ਇਕ ਸਲੋਕ 'ਥਾਲਿ ਵਿਚਿ ਤਿੰਨਿ ਪਈਉ' ਅਤੇ 'ਤੇਰਾ ਕੀਤਾ ਜਾਤੋ ਨਾਹੀਂ। ਅਚਨਚੇਤ ਨਹੀਂ, ਬਲਕਿ ਉਨ੍ਹਾਂ ਦੇ ਅਰਥ ਭਾਵ ਗੱਲ ਦਾ ਸਬੂਤ ਹਨ ਕਿ ਇਹ ਸ਼ਬਦ ਸਮਾਪਤੀ ਦੇ ਸੂਚਕ ਹਨ। ਉਸਤੋਂ ਬਾਦ 'ਰਾਗ ਮਾਲਾ' ਜਾਂ ਕੋਈ ਵੀ ਹੋਰ ਰਚਨਾ ਦਾ ਕੋਈ ਮਤਲਬ ਹੀ ਬਾਕੀ ਨਹੀਂ ਰਹਿ ਜਾਂਦਾ।

(14) ਰਾਗ ਮਾਲਾ ਨੂੰ ਗੁਰਬਾਣੀ ਦਾ ਨਿਚੋੜ ਕਹਿਣਾ ਇਕ ਹੋਰ ਪਖੋਂ ਵੀ ਨਿਰਮੂਲ ਹੋ ਜਾਂਦਾ ਹੈ ਜਦੋਂ ਇਸਦੇ ਅਰਥਾਂ ਵੱਲ ਧਿਆਨ ਦਿਤਾ ਜਾਵੇ। ਜੇ ਰਾਗਾਂ ਦੀ ਸੂਚੀ ਹੀ ਹੁੰਦੀ ਤਾਂ ਕਿਸੇ ਸੂਚੀ ਰੂਪ ਵਿਚ ਹੁੰਦੀ। ਪਰ ਇਸ ਵਿਚ ਤਾਂ ਕੁਝ ਇਸਤ੍ਰੀਆਂ ਰਾਹੀਂ ਇਨ੍ਹਾਂ ਰਾਗਾਂ-ਰਾਗਨੀਆਂ ਨੂੰ ਗਾਉਣ ਦੀ ਸੂਚਨਾ ਹੈ, ਜਿਵੇਂ ਆਲਾਪਹਿ= ਆਲਾਪਦੀਆਂ ਹਨ, ਗਾਉਂਦੀਆਂ ਹਨ। 'ਪ੍ਰਥਮ ਰਾਗ ਭੈਰਉ ਵੈ ਕਰਹੀਂ ਵਿਚ 'ਵੈ ਕਰਹੀਂ'- ਉਹ ਕਰਦੀਆਂ ਹਨ। ਇਸੇ ਤਰਾਂ 'ਲਲਤ ਬਿਲਾਵਲ ਗਾਵਹੀ'-ਲਲਤ ਅਤੇ ਬਿਲਾਵਲ ਗਾਉਂਦੀਆਂ ਹਨ। ਇਹ ਸਿਲਸਿਲਾ ਸਾਰੀ ਰਾਗ ਮਾਲਾ ਵਿਚ ਚਲ ਰਿਹਾ ਹੈ ਅਤੇ ਅੰਤ ਵਿਚ 'ਸਭ ਮਿਲਿ ਸਿਰੀ ਰਾਗ ਹੈ ਗਾਵਹਿ' ਅਤੇ 'ਖਸਟ ਰਾਗ ਉਨਿ ਗਾਏ'।

ਤਾਂ ਤੇ ਪਾਠਕ-ਜਨ ਇਹ ਸੋਚਨ ਕਿ 'ਆਲਾਪਹਿ' 'ਵੈ ਕਰਹੀਂ', 'ਗਾਵਹੀ', 'ਵੈ ਗਾਵਹਿ' ਉਨਿ ਗਾਏ, ਇਹ ਸਭ ਕਉਣ ਹਨ ਜੋ ਇਹਨਾਂ ਰਾਗਾਂ ਨੂੰ ਗਾ ਰਹੇ ਹਨ। ਚੇਤੇ ਰਹੇ, ਸੂਚੀ ਕਾਵਿ ਰੂਪ ਵਿਚ ਹੋਵੇ ਜਾਂ ਵਾਰਤਕ, ਉਹ ਸੂਚੀ ਹੀ ਹੁੰਦੀ ਹੈ ਉਸਨੂੰ ਕਿਸੇ ਰਾਹੀਂ ਗਾਉਣ ਦੀ ਸੂਚਨਾ ਨਹੀਂ ਹੁੰਦੀ। ਇਹ ਗਾਉਣ ਵਾਲੀਆਂ ਕਉਣ ਹਨ ? ਨਿਰਣਾ ਲੇਖ ਦੇ ਅਗਲੇ ਹਿੱਸੇ ਵਿਚ ਆਵੇਗਾ। ਫਿਰ ਜੇ ਸੂਚੀ ਹੀ ਹੋਵੇ ਤਾਂ ਸੂਚੀ ਨਾਲ ਸਬੰਧਤ ਰਾਗ ਤਾਂ ਉਸ ਵਿਚ ਹੋਣੇ ਜ਼ਰੂਰੀ ਹਨ ਜੋ ਨਹੀਂ ਹਨ। ਵੇਰਵਾ ਪਹਿਲਾਂ ਦਿਤਾ ਜਾ ਚੁਕਾ ਹੈ।

(15) ਕਾਵਿ ਰਚਨਾ ਦੇ ਖੇਤਰ ਵਿਚ ਵੀ ਇਹ ਗੱਲ ਬਿਲਕੁਲ ਨਿਆਰੀ ਅਤੇ ਅਨਹੋਣੀ ਸਮਝੀ ਜਾਵੇਗੀ ਜਦੋਂ ਛੰਦਾ ਬੰਦੀ ਅਤੇ ਕਾਵਿ ਢੰਗ ਅਤੇ ਕਵਿਤਾ ਦਾ ਕਾਵਿ ਤੋਲ ਜਿਹੜਾ ਰਾਗ ਮਾਲਾ ਵਿਚ ਵਰਤਿਆ ਗਿਆ ਹੈ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ, ਗੁਰੂ ਸਾਹਿਬਾਨ ਅਤੇ ਭਗਤਾਂ ਦੀ ਸਮੁੱਚੀ ਰਚਨਾ ਵਿਚ, ਇਹ ਕਾਵਿ ਢੰਗ ਅਤੇ ਕਾਵਿ ਤੋਲ ਕਿਧਰੇ ਵੀ ਨਹੀਂ ਵਰਤਿਆ ਗਿਆ। ਇਹ ਆਪਣੇ ਆਪ ਵਿਚ ਬਿਲਕੁਲ ਵੱਖਰਾ ਹੈ ਅਤੇ ਕਾਵਿ ਖੇਤਰ ਵਿਚ ਵਿਸ਼ੇਸ਼ ਧਿਆਨ ਮੰਗਦਾ ਵਿਸ਼ਾ ਹੈ।

(16) ਗੁਰਬਾਣੀ ਦਾ ਕੋਈ ਵੀ ਅੰਗ ਅਜਿਹਾ ਨਹੀਂ ਜਿਸਦੇ ਅਰਥ ਸਪਸ਼ਟ ਅਤੇ ਗੁਰਮਤਿ ਸਿਧਾਂਤ ਉਪਰ ਪੂਰੇ ਨਾ ਉਤਰਦੇ ਹੋਣ। ਪਰ ਰਾਗ ਮਾਲਾ ਇਕ ਅਜੇਹੀ ਰਚਨਾ ਹੈ ਜਿਸਦੇ ਅਰਥ ਅਜ ਤੀਕ ਕੋਈ ਰਾਗ ਮਾਲਾ ਦਾ ਕੱਟੜ ਹਿਮਾਇਤੀ ਵੀ ਨਹੀਂ ਕਰ ਸਕਿਆ। ਉਸਦਾ ਵੱਡਾ ਕਾਰਣ ਹੈ ਕਿ ਰਾਗ ਮਾਲਾ ਜਿਥੋਂ ਕੱਟ ਕਰਕੇ ਇਥੇ ਦਰਜ ਕੀਤੀ ਗਈ ਹੈ ਕਰਨ ਵਾਲਾ ਸ਼ਾਇਦ ਬਿਲਕੁਲ ਅਨਜਾਣ ਸੀ ਅਤੇ ਸਥਾਨ ਬਦਲਨ ਸਮੇਂ ਉਸ ਪਾਸੋਂ ਕਿਤਨੇ ਹੀ ਲਫਜ਼ ਬਦਲੇ ਗਏ । ਇਹੀ ਕਾਰਣ ਹੈ ਕਿ ਜਦ ਤੀਕ ਉਹ ਅਸਲ ਸ਼ਬਦ ਢੂੰਢ ਨਾ ਵਰਤੇ ਜਾਣ ਤਦ ਤੀਕ ਇਸਦੇ ਕੋਈ ਅਰਥ ਵੀ ਪੂਰੇ ਨਹੀਂ ਉਤਰਦੇ ਜਿਵੇਂ, ਰਾਗ ਵਿਦਿਆ ਅਨੁਸਾਰ:-

ਕੁਝ ਰਾਗਾਂ ਦੇ ਸ਼ੁਧ ਨਾਮ ਹਨ ਮਿਸ਼ਟਾਂਗ, ਬਰਬਲ, ਚੰਦ, ਕਾਲਿੰਗਾ, ਮਾਲਵ, ਕੁੰਕਨੀ, ਸੁਹਵਿ, ਜਲੰਧਰ। ਪਰ ਆਦਿ ਬੀੜ ਨਾਲ ਜੋੜੀ ਗਈ ਇਸ ਰਾਗ ਮਾਲਾ ਵਿਚ ਇਹ ਲਫਜ਼ ਕਰਮਵਾਰ ਬਨਾਏ ਗਏ ਹਨ :- ਮਸਤ ਅੰਗ, ਪ੍ਰਬਲ, ਚੰਡ, ਕਾਲਕਾ, ਸਾਲੂ, ਗੁਨ ਗੁਨੀ, ਸੂਹਉ, ਅਤੇ ਜਬਲੀਧਰ। ਇਸ ਤੋਂ ਸਪਸ਼ਟ ਹੈ ਰਾਗ ਮਾਲਾ, ਆਦਿ ਬੀੜ ਪਿਛੇ ਦਰਜ ਕਰਨ ਵਾਲਾ ਰਾਗ ਵਿਦਿਆ ਤੋਂ ਬਿਲਕੁਲ ਕੋਰਾ ਸੀ ਅਤੇ ਕਵੀ ਸੰਤੋਖ ਸਿੰਘ ਜੀ ਅਨੁਸਾਰ ਉਸ ਨੇ ਤਾਂ ਕੇਵਲ ਰਾਗਾਂ ਦੇ ਨਾਮ ਯਾਦ ਕਰਨ ਹਿਤ ਹੀ ਇਸਤੇ ਪਿਛਲੇ ਖਾਲੀ ਪੰਨੇ ਉਪਰ ਇਸਨੂੰ ਲਿਖਿਆ। ਕੇਵਲ ਰਾਗਾਂ ਦੇ ਨਾਮ ਹੀ ਨਹੀਂ, ਰਾਗ ਮਾਲਾ- ਜਿਸ ਰਚਨਾ ਵਿਚੋਂ ਲਈ ਗਈ ਹੈ ਉਥੇ ਪਿਛੋਕੜ ਵਿਚ ਨਾਚੀਆਂ ਦੇ ਨੱਚਣ ਦਾ ਜ਼ਿਕਰ ਚਲ ਰਿਹਾ ਹੈ। ਇਸ ਵਾਸਤੇ ਅਸਲ ਸ਼ਬਦ ਉਥੇ ਇਸ ਤਰਾਂ ਹੈ 'ਗੋਰੀ ਗਾਵਹਿ ਆਸਾਵਰੀ' ਭਾਵ ਗੋਰੀਆਂ ਅਥਵਾ ਉਹ ਨਾਚੀਆਂ ਇਸਤ੍ਰੀਆਂ ਆਸਾਵਰੀ ਗਾਉਂਦੀਆਂ ਹਨ ਪਰ ਇਥੇ ਸ਼ਬਦ ਬਨ ਗਿਆ ਹੈ 'ਗਵਰੀ ਗਾਵਹਿ ਆਸਾਵਰੀ' ਜਿਸਦਾ ਕੁਝ ਵੀ ਕੋਈ ਅਰਥ ਨਹੀਂ ਬਣਦਾ, ਇਸੇ ਤਰਾਂ ਹੋਰ।

ਉਪਰੋਕਤ ਤੱਥਾਂ ਨੂੰ ਇਕ-ਇਕ ਕਰਕੇ ਘੋਖਿਆਂ, ਕੁਝ ਗੱਲਾਂ ਨਿਖਰ ਕੇ ਸਾਹਮਣੇ ਆ ਜਾਂਦੀਆਂ ਹਨ ਜਿਵੇਂ ਰਾਗ ਮਾਲਾ, ਗੁਰਬਾਣੀ ਨਹੀਂ ਇਸਦਾ ਅੰਦਰਾਜ ,ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਨਹੀਂ ਬਲਕਿ ਮੁੰਦਾਵਣੀ ਤੋਂ ਬਾਅਦ ਬਿਲਕੁਲ ਅੰਤਮ ਪੰਨੇ ਉਪਰ ਕਿਸੇ ਸਮੇਂ ਨਾਸਮਝੀ ਕਾਰਨ ਨਾਲ ਜੁੜ ਗਈ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਰਤੇ ਰਾਗਾਂ ਦੀ ਸੂਚੀ ਜਾਂ ਨਿਚੋੜ ਵੀ ਨਹੀਂ ਬਲਕਿ ਇਸ ਅੰਦਰ ਦਿਤੇ ਬਹੁਤੇ ਰਾਗ ਤਾਂ ਉਹ ਹਨ ਜਿਹੜੇ ਗੁਰਬਾਣੀ ਅੰਦਰ ਵਰਤੇ ਹੀ ਨਹੀਂ ਗਏ ਅਤੇ ਗੁਰਬਾਣੀ ਅੰਦਰ ਵਰਤੇ ਗਏ ਅਨੇਕਾਂ ਰਾਗਾਂ ਦਾ ਇਸ ਰਾਗ ਮਾਲਾ ਅੰਦਰ ਨਾਂ ਪਤਾ ਹੀ ਨਹੀਂ। ਅਸਲ ਵਿਚ ਇਹ ਰਾਗ ਮਾਲਾ ਕੋਈ ਸੂਚੀ, ਉਪਦੇਸ਼ ਜਾਂ ਨਿਚੋੜ ਨਹੀਂ ਬਲਕਿ ਕੁਝ ਇਸਤ੍ਰੀਆਂ ਰਾਹੀਂ ਕੁਝ ਰਾਗਾਂ ਦੇ ਕਿਸੇ ਸਮੇਂ ਉਪਰ ਗਾਏ ਜਾਣ ਦੀ ਸੂਚਨਾ ਹੈ। ਚਲਦਾ

(ਮਾਸਿਕ ਪੱਤਰ 'ਮੀਰੀ ਤੇ ਪੀਰੀ' ਵਿਚੋਂ ਧੰਨਵਾਦ ਸਹਿਤ)


www.AKJ.Org

# ਔਖੀ ਘਾਟੀ

(ਵਲੋਂ-ਪ੍ਰੋਫ਼ੈਸਰ ਸਾਹਿਬ ਸਿੰਘ ਜੀ,ਡੀ. ਲਿਟ.)

ਕਬੀਰ ਜਿਹ ਮਾਰਗਿ ਪੰਡਿਤ ਗਏ,
ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ,
ਤਿਹ ਚੜਿ ਰਹਿਓ ਕਬੀਰ॥੧੬੫॥

ਸੁੰਦਰਤਾ ਦੇ ਸਾਈਂ ਸਿਰਜਣਹਾਰ ਦੀ ਰਚਨਾ ਭੀ ਕਿਆ ਸੁੰਦਰ ਹੈ ! ਕੁਦਰਤ ਦੇ ਜ਼ੱਰੇ ਜ਼ੱਰੇ ਵਿਚ ਉਸ ਦੇ ਸੁਹਣੱਪ ਦਾ ਝਲਕਾ ਵੱਜ ਰਿਹਾ ਹੈ। ਜੇ ਇਕ ਪਾਸੇ ਉਸ ਦਾ ਜਮਾਲ ਮਨ ਨੂੰ ਮੋਹ ਰਿਹਾ ਹੈ, ਤਾਂ ਦੂਜੇ ਪਾਸੇ ਉਸ ਦਾ ਲਟ ਲਟ ਕਰਦਾ ਜਲਾਲ ਭੀ ਚਕ੍ਰਿਤ ਕਰ ਰਿਹਾ ਹੈ। ਸੋਹਣੇ ਸਤਿਗੁਰੂ ਜੀ ਨੇ ਭੀ ਇਉਂ ਫੁਰਮਾਇਆ ਹੈ :-

ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ॥

ਪਹਾੜੀ ਹੋਵੇ ਇਲਾਕਾਂ ਤੇ ਇਕ ਉੱਚਾ ਹੋਵੇ ਟਿਕਾਣਾ। ਓਥੇ ਖਲੋ ਕੇ ਚਾਰ ਚੁਫੇਰੇ ਝਾਤ ਮਾਰਿਆਂ ਇਹ ਇਲਾਹੀ ਪਸਾਰਾ ਇਕ ਅਜਬ ਰੰਗ ਵਿਖਾਉਂਦਾ ਹੈ। ਇਕ ਪਾਸੇ ਸੁੰਦਰ ਜਲ ਦੀ ਨਦੀ ਰੁਮਕ ਰਹੀ ਹੈ, ਨਦੀ ਦਾ ਸੀਤਲ ਜਲ ਵਹਿੰਦਾ ਹੋਇਆ ਇਕ ਸੁਰੀਲੀ ਸੁਰ ਛੇੜੀ ਜਾਂਦਾ ਹੈ। ਮਾਨੋਂ, ਆਪਣੇ ਸਾਈਂ ਦਾ ਸਿਮਰਨ ਕਰ ਰਿਹਾ ਹੈ। ਨਦੀ ਦੇ ਕਿਨਾਰੇ ਤੇ ਹਰੇ ਹਰੇ ਲਹਿ ਲਹਿ ਕਰਦੇ ਬ੍ਰਿਛ ਬੂਟੇ ਸੀਤਲ ਪਉਣ ਨਾਲ ਹੁਲਾਰੇ ਲੈ ਰਹੇ ਹਨ। ਨਾਲ ਹੀ ਇਕ ਪਾਸੇ ਪੱਧਰਾ ਮੈਦਾਨ ਹੈ, ਜੋ ਵੇਖਣ ਵਾਲੇ ਦੇ ਮਨ ਉਤੇ ਕਾਦਰ ਦੀ ਅਗਾਧਤਾ ਦਾ ਇਕ ਗੰਭੀਰ ਤੇ ਰਸੰ ਭਰਿਆ ਅਸਰ ਪਾਉਂਦਾ ਹੈ। ਪਰਬਤ ਦੀ ਉਚਾਣ ਵਲ ਤੱਕੋ ਇਸ ਦੀ ਭੀ ਮੋਨ-ਸਮਾਧੀ ਸੁਆਦਲੀ ਹੈ

(੨)

ਉੱਚੇ ਟਿਕਾਣੇ ਤੇ ਬੈਠੇ ਹੋਏ ਮਨੁੱਖ ਨੂੰ ਤਾਂ ਇਹ ਸਾਰਾ ਨਜ਼ਾਰਾ ਬੜਾ ਅਨੰਦ ਦੇ ਰਿਹਾ ਹੈ, ਪਰ, ਆਓ, ਵੇਖੀਏ ਉਨ੍ਹਾਂ ਰਾਹੀਆਂ ਵਲ ਜੋ ਪੈਂਡੇ ਪਏ ਹੋਏ ਹਨ। ਪੱਧਰੇ ਮੈਦਾਨ ਵਿਚ ਕਈ ਪਗਡੰਡੀਆਂ ਹਨ, ਜਿਨ੍ਹਾਂ ਉਤੇ ਕਈ ਰਾਹੀ ਤੁਰੇ ਜਾ ਰਹੇ ਹਨ। ਕਈ ਦਮ ਲੈ ਰਹੇ ਹਨ, ਕਈ ਸੱਖਣੀਆਂ ਬਾਹਵਾਂ ਲਮਕਾਈ ਹਸਦੇ ਖੇਡਦੇ ਜਾ ਰਹੇ ਹਨ ਅਤੇ ਕਈਆਂ ਨੇ ਸਿਰ ਉਤੇ ਕੁਝ ਭਾਰ ਭੀ ਚੁਕਿਆ ਹੋਇਆ ਹੈ।

ਇਹਨਾਂ ਪਾਸੋਂ ਪੁੱਛ ਭੀ ਵੇਖੀਏ ਕਿ ਕੀ ਇਹ ਭੀ ਉਹੀ ਸੁਆਦ ਲੈ ਰਹੇ ਹਨ, ਜੋ ਉਸ ਉਚੇ ਟਿਕਾਣੇ ਤੇ ਬੈਠਾ ਮਨੁੱਖ ਲੈ ਰਿਹਾ ਸੀ। ਆਵਾਜ਼ ਆਉਂਦੀ ਹੈ :-

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ, ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥੮੧॥

ਭੂਮਿ ਤਾਂ ਰੰਗਾਵਲੀ ਹੈ,ਪਰ ਏਸ ਵਿਚ ਗੁੱਝੀ ਭਾਹ ਬਲ ਰਹੀ ਹੈ, ਦਾਵਾ-ਅਗਨਿ ਭੜਕ ਰਹੀ ਹੈ। ਜਿਨ੍ਹਾਂ ਦੇ ਅੰਦਰ ਹਰਿਆਵਲ ਨਹੀਂ ਰਹੀ, ਉਹ ਇਸ ਅਗਨੀ ਦਾ ਸ਼ਿਕਾਰ ਹੋ ਰਹੇ ਹਨ-

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ,
ਕੋਈ ਹਰਿਆ ਬੂਟੁ ਰਹਿਓ ਰੀ॥

ਪੱਧਰਾ ਮੈਦਾਨ ਉਂਜ ਤਾਂ ਸੁੱਖਲਾ ਰਸਤਾ ਜਾਪਦਾ ਹੈ, ਏਥੇ ਤੁਰਦੇ ਭੀ ਬਥੇਰੇ ਰਾਹੀਂ ਹਨ, ਪਰ ਦਾਵਾ-ਅਗਨੀ ਦਾ ਸੇਕ ਸਭ ਰਾਹੀਆਂ ਨੂੰ ਦੁਖੀ ਕਰ ਰਿਹਾ ਹੈ।

ਕੀ ਸਭ ਰਾਹੀਆਂ ਨੂੰ ਦੁਖੀ ਕਰ ਰਿਹਾ ਹੈ ? ਹਾਂ, ਦੁਖੀ ਜੀਵ ਨੂੰ ਇਉਂ ਹੀ ਭਾਸਦਾ ਹੈ-

ਸੁਖੀਏ ਕਉ ਪੇਖੈ ਸਭ ਸੁਖੀਆ,
ਰੋਗੀ ਕੈ ਭਾਣੈ ਸਭ ਰੋਗੀ।

ਪਰ ਅਸਲ ਗੱਲ ਇਹ ਹੈ :-

ਫਰੀਦਾ ! ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥
ਜੋ ਜਨ ਪੀਰਿ ਨਿਵਾਜਿਆ, ਤਿੰਨਾ ਅੰਚ ਨ ਲਾਗ॥੮੨॥

(੩)

ਸ੍ਰਿਸ਼ਟੀ ਹਉਮੈ ਦੀ ਭਾਹ ਵਿਚ ਦ੍ਵੈਤ ਦੀ ਅਗਨੀ ਵਿਚ ਸੜ ਰਹੀ ਸੀ। ਸਿਰਜਣਹਾਰ ਨੇ ਆਪਣਾ ਪਿਆਰਾ ਭੇਜਿਆ, ਸੀਤਲਤਾ ਦਾ ਪੁੰਜ ਪਿਆਰਾ ਸਤਿਗੁਰ ਭੇਜਿਆ, ਜਿਸ ਨੇ ਤਪਦੇ ਹਿਰਦਿਆਂ ਵਿਚ ਸੀਤਲ ਪਿਆਰ ਦੀ ਹਰਿਆਵਲ ਉਤਪੰਨ ਕੀਤੀ ਤੇ ਦਾਵਾ-ਅਗਨਿ ਦੇ ਸੇਕ ਤੋਂ ਬਚਾਇਆ। ਅਦੰਰ ਹਉਮੈ ਦੀ ਅੱਗ ਹੋਣ ਕਰਕੇ ਜਗਤ ਦੇ ਜੀਵ, ਬਾਂਸਾਂ ਵਾਂਗ ਖਹਿ ਖਹਿ ਕੇ ਸੜ ਰਹੇ ਸਨ, ਸਤਿਗੁਰੂ ਨੇ ਪਿਆਰ ਦਾ ਛੱਟਾ ਦਿੱਤਾ ਤੇ ਠੰਢ ਵਰਤਾਈ।

ਦੁਖੀ ਦੁਨੀਆ ਦੀ ਪੀੜ ਨੂੰ ਅਨੁਭਵ ਕਰਦਾ ਹੋਇਆ ਪਿਆਰ ਦਾ ਪੁੰਜ ਸਤਿਗੁਰੂ ਸੀਤਲਤਾ ਦਾ ਖਜ਼ਾਨਾ ਬਖ਼ਸ਼ਣ ਵਾਸਤੇ ਜਗ-ਯਾਤਰਾ ਨੂੰ ਤੁਰਿਆ। ਭਾਈ ਗੁਰਦਾਸ ਜੀ ਇਉਂ ਲਿਖਦੇ ਹਨ :-

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭ ਪ੍ਰਿਥਮੀ ਦਿਸਿ ਆਈ।
ਬਾਝਹੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖੁ ਬਣਾਇਆ, ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣ ਧਰਤਿ ਲੁਕਾਈ॥੨੪॥(੧)



www.AKJ.Org

ਪਿਆਰਾ ਸਤਿਗੁਰੂ ਮੁਲਤਾਨ ਆਇਆ, ਸ਼ਹਿਰੋਂ ਬਾਹਰ ਡੇਰਾ ਕੀਤਾ। ਸ਼ਹਿਰ ਮੁਸਲਮਾਨ ਫ਼ਕੀਰਾਂ ਨਾਲ ਭਰਪੂਰ ਸੀ। ਉਹ ਬਾਬਾ ਜੀ ਦੀ ਆਤਮਿਕ ਸ਼ਕਤੀ ਤੇ ਬਰਕਤ ਦੀ ਚਰਚਾ ਸੁਣ ਚੁਕੇ ਸਨ, ਘਬਰਾਏ ਕਿ ਸਾਡੀ ਪੀਰੀ ਤੇ ਮੰਨਤਾ ਜਾਂਦੀ ਰਹੇਗੀ। ਕਟੋਰਾ ਦੁੱਧ ਦਾ ਭਰ ਕੇ ਬਾਬਾ ਜੀ ਦੇ ਪਾਸ ਭੇਜਿਓ ਨੇ। ਬਾਬਾ ਜੀ ਨੇ ਅਗੋਂ ਉਸ ਦੁੱਧ ਉੱਤੇ ਚੰਬੇਲੀ ਦਾ ਫੁੱਲ ਰੱਖ ਕੇ ਕਟੋਰਾ ਮੋੜ ਘਲਿਆ, ਤਾਂ ਉਹਨਾਂ ਨੂੰ ਧੀਰਜ ਆਈ ਤੇ ਦਰਸ਼ਨ ਕਰ ਕੇ ਨਿਹਾਲ ਹੋਏ। ਪੀਰਾਂ ਫ਼ਕੀਰਾਂ ਨਾਲ ਨਕਾ ਨਕ ਭਰੇ ਹੋਏ ਮੁਲਤਾਨ ਸ਼ਹਿਰ ਨੂੰ ਸਤਿਗੁਰੂ ਜੀ ਨੇ ਪ੍ਰੇਮ ਰੂਪ ਚੰਬੇਲੀ ਦੇ ਫੁੱਲ ਦੁਆਰਾ ਸੁਗੰਧਤਾ ਤੇ ਸੀਤਲਤਾ ਬਖ਼ਸ਼ੀ ਤੇ ਆਪ ਨਿਰਲੇਪ ਰਹਿ ਕੇ ਉਸ ਫੁੱਲ ਵਾਂਗ ਸਭ ਦੇ ਉੱਪਰ ਹੀ ਉੱਚੇ ਆਤਮਿਕ -ਮੰਡਲ ਵਿਚ ਤਾਰੀਆਂ ਲਾਉਂਦੇ ਰਹੇ।

(੪)

ਦੁਖੀ ਅਤੇ ਰੋਗੀ ਸੰਸਾਰ ਦੀ ਨਬਜ਼ ਵੇਖ ਕੇ ਰੋਗ ਅਤੇ ਦਾਰੂ ਦੋਹਾਂ ਨੂੰ ਸਮਝਣ ਵਾਲੇ ਸੁਜਾਨ ਵੈਦ ਨੇ ਇਹ ਨਿਸਚਾ ਕੀਤਾ ਕਿ ਹਉਮੈ ਦਾ ਰੋਗ, ਜੋ ਹੋਰ ਸਭ ਸੰਸਾਰਕ ਰੋਗਾਂ ਨਾਲੋਂ ਪ੍ਰਬਲ ਰੋਗ ਹੈ, ਸੰਸਾਰੀ ਜੀਵਾਂ ਦੇ ਸਰੀਰ ਅਤੇ ਮਨ ਵਿਚ ਧੱਾ ਕਰ ਗਿਆ ਹੈ ਅਤੇ ਓਪਰੇ ਇਲਾਜ ਨਾਲ ਏਸ ਦੇ ਫਿਰ ਪੁੰਗਰਨ ਦਾ ਡਰ ਹੈ। ਸਿਰਜਣਹਾਰ ਪ੍ਰੀਤਮ ਦੇ ਪ੍ਰੇਮ ਦੀ ਖਿੱਚ ਤਾਂ ਆਗਿਆ ਨਹੀਂ ਸੀ ਦੇਂਦੀ ਕਿ ਉਸ ਉੱਚ ਟਿਕਾਣੇ ਤੋਂ ਹਿਲਣ, ਪਰ ਪ੍ਰੀਤਮ ਦੀ ਰਚੀ ਹੋਈ ਸ੍ਰਿਸ਼ਟੀ ਦੇ ਦਰਦ ਨੇ ਸਤਿਗੁਰੂ ਦੇ ਪਿਆਰ ਨੂੰ ਹੁਲਾਰਾ ਦਿਤਾ ਤੇ ਦੁਖੀਆਂ ਦੇ ਦਰਦੀ ਨੇ ਦਸ ਜਾਮੇ ਧਾਰੇ। ਦੋ ਜਹਾਨ ਦੇ ਵਾਲੀ ਦਸਮੇਸ਼ ਪਿਤਾ ਜੀ ਆਪਣੇ ਮੁਖਾਰਬਿੰਦ ਤੋਂ ਇਉਂ ਫ਼ੁਰਮਾਉਂਦੇ ਹਨ:-

ਤਿਨ ਪ੍ਰਭ ਜਬ ਆਇਸ ਮੁਹਿ ਕੀਆ।
ਤਬ ਹਮ ਜਨਮ ਕਲੂ ਮਹਿ ਲੀਆ। ੪।
ਚਿਤ ਨ ਭਯੋ ਹਮਰੋ ਆਵਨ ਕਹਿ।
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ।੫।

(ਬਚਿਤ੍ਰ ਨਾਟਕ)

ਜਿਵੇਂ ਜਿਵੇਂ ਰੋਗ ਦਾ ਦਰਜਾ ਵੇਖਿਆ, ਉਸੇ ਤਰ੍ਹਾਂ ਸੁਜਾਨ ਵੈਦ ਸਤਿਗੁਰੂ ਹਰੇਕ ਜਾਮੇ ਵਿਚ ਦਾਰੂ ਦੇਂਦੇ ਆਏ।

(੫)

ਇਤਿਹਾਸ ਤੋਂ ਅਨਜਾਣ ਮਨੁੱਖ ਕਦੀ ਕਦੀ ਇਹ ਆਖ ਦਿਆ ਕਰਦੇ ਹਨ ਕਿ ਸਤਿਗੁਰੂ ਜੀ ਦਾ ਦਸਵੇਂ ਜਾਮੇ ਵਿਚ, ਦਸਮੇਸ਼ ਪਿਤਾ ਸ੍ਰੀ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ, ਆਦਰਸ਼ ਹੋਰ ਹੋ ਗਿਆ ਸੀ, ਕਿਉਂਕਿ ਆਪ ਨੇ ਬੰਦਗੀ ਅਤੇ ਪਿਆਰ ਵਾਲਾ ਮਾਰਗ ਛੱਡ ਕੇ ਤਲਵਾਰ ਵਰਤੀ ਸੀ।

ਜਿਹੜਾ ਰਸਤਾ ਆਪਣੀ ਪੈਰੀਂ ਤੁਰ ਕੇ ਨਾ ਵੇਖਿਆ ਹੋਵੇ, ਦੂਰੋਂ ਸੁਣ ਕੇ ਹੀ ਛੱਡਿਆ ਹੋਵੇ, ਉਸ ਦੀ ਸਾਰ ਕਿਵੇਂ ਆਵੇ ? ਕਰਮ ਕਾਂਡ ਅਤੇ ਫ਼ਿਲਾਸਫ਼ੀ ਆਦਿਕ ਦੇ ਪੱਧਰੇ ਮੈਦਾਨ ਦੇ ਰਾਹੀ ਪ੍ਰੇਮ ਦੀ ਘਾਟੀ ਦੇ ਬਿਖੜੇ ਰਸਤੇ ਦਾ ਹਾਲ ਕਿਵੇਂ ਜਾਣਨ ? ਏਥੇ ਤਾਂ-

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।੨੦।।

(ਸਲੋਕ ਮ: ੧)

ਸਿਰਜਣਹਾਰ ਦੀ ਹੋਂਦ ਤੋਂ ਭੁੱਲੇ ਹੋਏ ਜੀਵਾਂ ਨੂੰ ਸਤਿਗੁਰੂ ਜੀ ਗਿਆਨ ਦੇ ਮਾਰਗ ਤੇ ਚਲਾਉਣ ਆਏ। ਨਿਰਲੇਪ ਸਤਿਗੁਰੂ ਨੇ ਹਰੇਕ ਜਾਮੇ ਵਿਚ ਆਪਣੇ ਆਪ ਨੂੰ ਅਨਗਿਣਤ ਕਸ਼ਟਾਂ ਵਿਚ ਪਾ ਕੇ, ਖੁੰਝੇ ਹੋਏ ਰਾਹੀਆਂ ਨੂੰ ਇਹ ਦਸਿਆ ਕਿ ਗਿਆਨਵਾਨ ਉਹ ਹੈ ਜੋ:-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।।
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ।।੧੬।।

(ਸਲੋਕ ਮ: ੯)

ਜਿਸ ਨੂੰ ਕਰਤਾਰ ਦੀ ਕੁਦਰਤ ਦੇ ਜ਼ੱਰੇ ਜ਼ੱਰੇ ਵਿਚ ਪ੍ਰੀਤਮ ਦਿਸ ਰਿਹਾ ਹੈ, ਉਹ ਡਰੇ ਕਿਸ ਪਾਸੋਂ ਤੇ ਡਰਾਵੇ ਕਿਸ ਨੂੰ ?

ਪਰ ਹਾਂ ! ਰੋਗੀ ਨੂੰ ਵੇਲੇ ਵੇਲੇ ਸਿਰ ਮਿੱਠੀ ਦਵਾਈ ਭੀ ਦੇਈਦੀ ਹੈ ਅਤੇ ਕੌੜੀ ਭੀ। ਕੌੜੀ ਦਵਾਈ ਦੇਣ ਵੇਲੇ ਭੀ ਵੈਦ ਦੇ ਹਿਰਦੇ ਵਿਚ ਰੋਗੀ ਅਤੇ ਆਪਣੇਂ ਪ੍ਰੀਤਮ ਵਾਸਤੇ ਉਹੀ ਪਿਆਰ ਹੁੰਦਾ ਹੈ ਜੋ ਮਿੱਠੀ ਦਵਾਈ ਦੇਣ ਵੇਲੇ।

(੬)

ਅਗਿਆਨਤਾ ਵਿਚ ਫਸੇ ਹੋਏ ਦ੍ਵੈਤ ਦੇ ਮਾਰੇ ਹੋਏ ਪਹਾੜੀ ਰਾਜੇ, ਸਭ ਨਾਲ ਪਿਆਰ ਕਰਨ ਵਾਲੇ ਸਤਿਗੁਰੂ ਸ੍ਰੀ ਕਲਗੀਧਰ ਜੀ ਨਾਲ ਵੈਰ ਕਮਾਉਂਦੇ ਹਨ। ਪਰ ਕਰਤਾਰ ਦੇ ਭੈ ਅਤੇ ਪਿਆਰ ਵਾਲੇ ਬੰਦੇ ਭੀ ਦੁਨੀਆਂ ਵਿਚ ਹੀ ਵੱਸਦੇ ਹਨ। ਰਿਆਸਤ ਨਾਹਨ ਦੇ ਰਾਜੇ ਨੂੰ ਦਾਤਾਰ ਨੇ ਦਿੱਬਯ-ਦ੍ਰਿਸ਼ਟੀ ਦੀ ਦਾਤ ਬਖ਼ਸ਼ੀ। ਸਤਿਗੁਰੂ ਦੀ ਆਤਮਿਕ ਸ਼ਕਤੀ ਦੀ ਸੂਝ ਪਈ, ਦਰਸ਼ਨ ਦੀ ਤਾਂਘ ਹੋਈ ਤਾਂ ਆਪਣੇ



www.AKJ.Org

ਖ਼ਾਸ ਸੇਵਕ ਨੂੰ ਭੇਜ ਕੇ ਬੇਨਤੀ ਕੀਤੀ। ਸਭ ਦੀ ਮਨੋ-ਕਾਮਨਾ ਪੂਰੀ ਕਰਨ ਵਾਲੇ ਪ੍ਰੇਮ-ਪੁੰਜ ਪ੍ਰਭੂ ਜੀ ਉਸ ਦੇ ਸ ਗਏ, ਰਾਜੇ ਦੇ ਹਿਰਦੇ ਵਿਚ ਠੰਡ ਪਈ ਅਤੇ ਨਾਮ ਦਾਨ ਮਿਲਿਆਂ।

ਰਾਮਰਾਇ ਜੀ ਨੂੰ, ਜੋ ਨੇੜੇ ਹੀ ਦੂਨ ਦੇਸ਼ ਵਿਚ ਡੇਰਾ ਲਾਈ ਬੈਠੇ ਸਨ, ਖ਼ਬਰ ਹੋਈ ਕਿ ਪਤਿਤ-ਪਾਵਨ ਅਤੇ ਵਿਛੜੇ ਮੇਲਣਹਾਰ ਸਤਿਗੁਰੂ ਏਸ ਦੇਸ ਦੇ ਵਿਲਕਦੇ ਜੀਵਾਂ ਨੂੰ ਜੀਅ-ਦਾਨ ਦੇ ਰਹੇ ਹਨ। ਕਲੇਜੇ ਧੂਹ ਪਈ, ਚਿਰ ਦੇ ਵਿਛੋੜੇ ਨੇ ਵਿਆਕੁਲ ਕੀਤਾ ਤੇ ਦਰਸ਼ਨ ਦੀ ਖਿਚ ਹੋਈ, ਖ਼ਾਸ ਮਹਿਰਮ ਭੇਜ ਕੇ ਆਗਿਆ ਮੰਗੀ, ਜੋ ਪਰਵਾਨ ਹੋਈ। ਜਮਨਾ ਨਦੀ ਤੇ ਮਿਲਣ ਦਾ ਟਿਕਾਣਾ ਨੀਯਤ ਹੋਇਆ। ਦੋਹਾਂ ਪਾਸਿਆਂ ਤੋਂ ਕੁਝ ਸੇਵਕ ਨਾਲ ਸਨ, ਜੋ ਬਾਹਰ ਕਿਨਾਰੇ ਤੇ ਖੜੇ ਰਹੇ। ਰਾਮ ਰਾਇ ਜੀ ਅਤੇ ਸਤਿਗੁਰੂ ਜੀ ਬੇੜੀਆਂ ਵਿਚ ਬੈਠ ਕੇ ਜਲ-ਧਾਰਾ ਦੇ ਵਿਚਕਾਰ ਆਏ। ਸਤਿਗੁਰੂ ਜੀ ਦੇ ਸਿੱਖ ਤਾਂ ਸਾਧਾਰਨ ਤੌਰ ਤੇ ਏਸ ਕੌਤਕ ਦਾ ਆਨੰਦ ਲੈਂਦੇ ਰਹੇ, ਪਰ ਰਾਮਰਾਇ ਜੀ ਦੇ ਸੇਵਕਾਂ ਨੇ ਸਤਿਗੁਰੂ ਜੀ ਅਤੇ ਉਹਨਾਂ ਦੇ ਸਿਖਾਂ ਵੱਲ ਕੰਡ ਦੇ ਰਖੀ।

ਮੁਲਾਕਾਤ ਤੋਂ ਪਿਛੋਂ ਆਪੋ ਆਪਣੇ ਡੇਰੇ ਅੱਪੜੇ। ਰਾਮ ਰਾਇ ਜੀ ਨੇ ਆਪਣੇ ਸੇਵਕਾਂ ਪਾਸੋਂ ਉਸ ਅਲੌਕਿਕ ਵਰਤੋਂ ਦਾ ਕਾਰਨ ਪੁੱਛਿਆ। ਉਤਰ ਮਿਲਿਆ, 'ਹਜ਼ੂਰ ! ਜਦ ਤੋਂ ਆਪ ਦੇ ਹੋ ਗਏ ਹਾਂ, ਹੋਰ ਪਾਸੇ ਤਕਣਾ ਭੀ ਹਰਾਮ ਹੈ।'

ਕਿਆ ਸੋਹਣਾ ਇਸ਼ਕ ਹੈ ! ਆਪਣੇ ਪ੍ਰੀਤਮ ਦਾ ਹੋ ਰਹਿਣਾ-ਇਕ ਬੜੀ ਉੱਚੀ ਖੇਡ ਹੈ।

ਪਰ, ਹੇ ਮਨ ! ਰਤਾ ਠਹਿਰ, ਏਥੇ ਹੀ ਮੋਹਿਤ ਨਾ ਹੋ ਜਾ। ਏਸ ਵਿਚ ਸ਼ੱਕ ਨਹੀਂ ਕਿ ਮਾਇਆ ਦੇ ਧੰਧਿਆਂ ਵਿਚੋਂ, ਮਾਤਾ ਪਿਤਾ ਪੁੱਤਰ ਇਸਤ੍ਰੀ ਆਦਿਕ ਦੇ ਮੋਹ ਵਿਚੋਂ ਨਿਕਲ ਕੇ ਆਪਣੇ ਰਹਿਬਰ ਪ੍ਰੀਤਮ ਦੇ ਚਰਨਾਂ ਉੱਤੇ ਇਸ ਤਰ੍ਹਾਂ ਸਦਕੇ ਹੋ ਜਾਣਾ ਕੋਈ ਨਿੱਕੀ ਜਿਹੀ ਗਲ ਨਹੀਂ। ਪਰ, ਧੰਨ ਸੋਹਣਾ ਸਤਿਗੁਰੂ ! ਉਸ ਦੇ ਪ੍ਰੇਮ ਦੀ ਖੇਡ ਤੇ ਮੌਜ ਇਸ ਦਰਜੇ ਤੋਂ ਬਹੁਤ ਦੂਰ ਉਚੀ ਹੈ।

ਦੁਨੀਆਂ ਦੇ ਲੋਕਾਂ ਨੂੰ ਮਾਇਆ ਵਿਚ ਵਿਲੁਕਦੇ ਵੇਖ ਕੇ ਕਈ ਸੁਭਾਗੇ ਜਨ ਉੱਦਮ ਕਰਦੇ ਹਨ, ਇਹਨਾਂ ਮਾਇਕ ਜ਼ੰਜੀਰਾਂ ਨੂੰ ਤੋੜ ਕੇ ਨਿਕਲ ਤੁਰਦੇ ਹਨ ਅਤੇ ਬਨਾਂ ਵਿਚ ਪਹੁੰਚ ਕੇ ਸਿਰਜਣਹਾਰ ਦੇ ਚਰਨਾਂ ਵਿਚ ਜਾ ਸਮਾਧੀ ਲਾਉਂਦੇ ਹਨ। ਇਹ ਭੀ, ਭਾਈ ! ਕੋਈ ਹੌਸਲੇ ਦੀ ਖੇਡ ਹੈ ! ਪਰ, ਵਿਚਾਰ ਪੁੱਛਦੀ ਹੈ ਕਿ ਇਸ 'ਤਿਆਗ' ਦਾ ਆਧਾਰ ਕਿਸ ਤੇ ਹੈ।

ਆਧਾਰ 'ਨਫ਼ਰਤ' ਉਤੇ ਹੈ। 'ਹਰਿ ਕਾ ਰੂਪ' ਸੰਸਾਰ ਤੋਂ ਨਫ਼ਰਤ ਕੀਤੀ ਅਤੇ ਉਮੰਗ ਉਠੀ ਕਿ 'ਹਰਿ' ਦੇ ਚਰਨਾਂ ਵਿਚ ਮਨ ਜੁੜੇ।

ਆਓ ! ਸਤਿਗੁਰੂ ਦੇ ਦੁਲਾਰਿਆਂ ਤੋਂ ਵੀ ਪੁਛ ਵੇਖੀਏ ਕਿ ਇਹ ਕਿਉਂ ਸਨਮੁਖ ਰਹੇ। ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਕਲਗੀਧਰ ਜੀ ਦੇ ਪ੍ਰਸ਼ਨ ਕਰਨ ਤੋਂ ਸੇਵਕਾਂ ਨੇ ਬੇਨਤੀ ਕੀਤੀ-

'ਹਜ਼ੂਰ ! ਪਿੱਠ ਕਿਸੇ ਵਲ ਤਾਂ ਕਰੀਏ ਜੇ ਕੋਈ 'ਪਰ' ਜਾਂ 'ਵੈਰੀ' ਦਿਸਦਾ। ਜਦੋਂ ਦੇ ਆਪ ਦੀ ਚਰਨੀਂ ਲੱਗੇ ਹਾਂ ਸਭ ਸ੍ਰਿਸ਼ਟੀ ਵਿਚ ਆਪ ਹੀ ਦਿੱਸ ਰਹੇ ਹਉ।'

ਆਠ ਜਾਮ ਚਉਸਠਿ ਘਰੀ, ਤੁਅ ਨਿਰਖਤ ਰਹੈ ਜੀਉ।।
ਨੀਚੇ ਲੋਇਨ ਕਿਉ ਕਰਉ, ਸਭ ਘਟ ਦੇਖਉ ਪੀਉ।।੨੩੫।।

(੭)

ਵਾਲਹੁ ਨਿੱਕੀ ਆਖੀਐ, ਖੰਡੇ ਧਾਰਹੁ ਸੁਣੀਐ ਤਿੱਖੀ।।

ਮਾਇਕ ਬਲ ਦੇ ਅਹੰਕਾਰ ਵਿਚ ਮੱਤਾ ਹੋਇਆ ਸਮੇਂ ਦਾ ਸੰਸਾਰਕ ਰਾਜਾ, ਪਰਜਾ ਨੂੰ ਦੁਖੀ ਕਰ ਰਿਹਾ ਹੈ, ਜੋਰੀਂ ਆਪਣੀ ਈਨ ਮਨਾ ਰਿਹਾ ਹੈ,ਇਕ ਅਕਾਲ ਦੀ ਓਟ ਰੱਖਦਾ ਹੋਇਆ ਜੋ ਨਿਰਭਉ ਹੋ ਕੇ ਸਚਾਈ ਪ੍ਰਗਟ ਕਰੇ ਉਸ ਨੂੰ ਬੰਦੀ ਵਿਚ ਸੁਟਦਾ ਹੈ ਜਾਂ ਪਾਰ ਮੁਕਾਉਂਦਾ ਹੈ। ਸੰਸਾਰ ਵਿਚ ਹਾਹਾਕਾਰ ਮਚ ਗਈ ਹੈ।

ਥੰਮੇ ਕੋਇ ਨ ਸਾਧ ਬਿਨੁ,
ਸਾਧੁ ਨ ਦਿਸੈ ਜਗ ਵਿਚਿ ਕੋਆ।

ਵਿਲਕਦੇ ਜੀਵਾਂ ਦੀ ਪੁਕਾਰ ਸੁਣ ਕੇ, ਦਇਆ ਨਿਧਿ ਦਾਤਾਰ ਨੇ ਆਪਣਾ ਮਹਿਰਮ ਭੇਜਿਆ। ਸਤਿਗੁਰੂ ਗਰੀਬੀ, ਹਲੀਮੀ, ਪਿਆਰ ਦੀ ਢਾਲ ਲੈ ਕੇ ਆਇਆ। ਮੁਗ਼ਲ ਰਾਜ ਦੇ ਕਰਮ-ਚਾਰੀਆਂ ਨੇ ਤਰਥੱਲ ਮਚਾ ਦਿਤੀ, ਦੁਖੀਏ ਲੋਕ ਸ੍ਰੀ ਅਨੰਦਪੁਰ ਸਾਹਿਬ ਸਤਿਗੁਰੂ ਦੀ ਸਰਨ ਆਏ। ਬਚਨ ਹੋਇਆ ਕਿ ਜਦ ਤਾਈਂ ਕੋਈ ਸੰਤ ਜਨ ਸੀਸ ਭੇਟ ਨਾ ਕਰੇ, ਪਾਪ ਨਸ਼ਟ ਨਹੀਂ ਹੋ ਸਕਦੇ।

ਧੁਰੋਂ ਇਹੀ ਫ਼ੁਰਮਾਨ ਸੀ, ਏਸੇ ਕਾਰਜ ਲਈ ਆਏ ਸਨ, ਸੋ ਸੰਤਾਂ ਦੇ ਸਿਰਤਾਜ ਮਹਾਂ ਬਲੀ ਗੁਰੂ ਤੇ ਅਵਤਾਰਾਂ ਦੇ ਸ਼ਰੋਮਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣਾ ਸੀਸ ਦੇ ਚੁਕੇ ਹਨ। ਚਰਨਾਂ ਦੇ ਭੌਰੇ ਭਾਈ ਮਤੀ ਦਾਸ ਜੀ ਹਜ਼ੂਰ ਦੇ ਜੇਲ੍ਹ ਵਾਲੇ ਕਸ਼ਟ ਵੇਖ ਕੇ ਸਹਾਰ ਨ ਸਕੇ ਤੇ ਪ੍ਰੀਤਮ ਦੀ ਬਖ਼ਸ਼ੀ ਹੋਈ ਆਤਮ-ਦਾਤਿ ਦੇ ਆਧਾਰ ਤੇ ਜੋਸ਼-ਤਰੰਗ ਵਿਚ ਆਏ, ਜਿਸ ਨੂੰ ਵੇਲੇ ਦਾ ਜਰਵਾਣਾ

(ਬਾਕੀ ਪੰਨਾ ੪੦ ਤੇ)



www.AKJ.Org

# ਗੁਰਸਿਖੀ ਅਤੇ ਕੇਸ

(ਸ: ਬਿਕਰਮ ਸਿੰਘ)

ਸੰਸਾਰ ਵਿਚ ਚੇਤਨ ਅਤੇ ਜੜ੍ਹ ਦੋ ਪਦਾਰਥ ਹਨ। ਚੇਤਨ (ਜਾਨਦਾਰ ਵਸਤੂ) ਹਮੇਸ਼ਾ ਵਧਦੀ ਅਤੇ ਘਟਦੀ ਰਹਿੰਦੀ ਹੈ। ਕੇਸਾਂ ਵਿਚ ਵਧਣ ਫੁਲਣ ਦੀ ਤਾਕਤ ਹੈ। ਵਧਣਾ ਫੁਲਣਾ ਅਤੇ ਰੰਗ ਬਦਲਣਾ ਚੇਤਨ (ਜਿੰਦਾ) ਵਸਤੂ ਦਾ ਕੰਮ ਹੈ। ਕੇਸ ਗੁਸੇ ਜਾਂ ਬੀਰ ਰਸ ਸਮੇਂ ਖੜੇ ਹੋ ਜਾਂਦੇ ਹਨ। ਇਹ ਕਾਲੇ ਭੂਰੇ, ਕਕੇ ਅਤੇ ਧੌਲੇ ਹੁੰਦੇ ਹਨ। ਆਪਣੀ ਆਯੂ ਅਨੁਸਾਰ ਅਵਸਥਾ ਅਤੇ ਰੰਗ (ਕਾਲਿਆਂ ਤੋਂ ਧੌਲੇ) ਬਦਲਦੇ ਹਨ। ਅਤੇ ਆਪਣੀ ਉਮਰ ਭੋਗ ਕੇ ਮੁਰਦਾ ਹੋ ਜਾਂਦੇ ਹਨ। ਮੁਰਦਾ ਹੋ ਚੁਕੇ ਕੇਸ ਕੰਘੇ ਨਾਲ ਸਫਾਈ ਕਰਨ ਸਮੇਂ ਆਪਣੇ ਆਪ ਨਿਕਲ ਜਾਂਦੇ ਹਨ ਅਤੇ ਹੋਰ ਨਵੇਂ ਉਗਦੇ ਰਹਿੰਦੇ ਹਨ। ਕੇਸਾਂ ਵਿਚ ਰੂਹ (ਜ਼ਿੰਦਾ) ਬਿਜਲੀ) ਹੈ, ਜੋ ਕਟਣ ਸਮੇਂ ਦੁਖ ਮਹਿਸੂਸ ਕਰਦੇ ਹਨ ਅਤੇ ਕੇਸਾਂ ਦੇ ਬਹੁਤ ਸੂਖਮ ਤੇ ਬਰੀਕ ਹੋਣ ਕਾਰਨ ਸਰੀਰ ਨੂੰ ਪ੍ਰਤੀਤ ਨਹੀਂ ਹੁੰਦਾ।

ਕੇਸਾਂ ਵਿਚ ਮਨੁੱਖੀ ਸੁੰਦਰਤਾ ਹੈ। ਕੇਸਾਂ ਦਾ ਨਾਮ ਪ੍ਰਕਾਸ਼ ਹੈ। ਜਿਸ ਨੂੰ ਮਨੁੱਖੀ ਸਰੂਪ ਕਿਹਾ ਜਾ ਸਕਦਾ ਹੈ। ਇਸ ਦੀ ਪ੍ਰੀਖਿਆ ਇਕ ਰੂਪਵੰਤ ਇਸਤ੍ਰੀ ਦੇ ਵਾਲ ਕਟਣ ਤੋਂ ਹੋ ਸਕਦੀ ਹੈ। ਪੁਰਸ਼ ਦਾ ਸਿਰ ਮੂੰਹ ਮੁੰਨਾਉਣਾ ਸ਼ੋਕ ਅਤੇ ਨਿਰਾਸਤਾ ਦੇ ਪ੍ਰਤੱਖ ਨਿਸ਼ਾਨ ਗਿਣੇ ਗਏ ਹਨ।

ਸ਼ਿਵ ਜੀ, ਜਿਨ੍ਹਾਂ ਨੂੰ (ਸਭ ਦੇਵਾਂ ਦਾ ਦੇਵ) ਮਹਾਂਦੇਵ ਭੀ ਕਹਿੰਦੇ ਹਨ, ਸਿਆਣੇ ਉਨ੍ਹਾਂ ਦੀ ਜਟਾਂ ਰਾਹੀਂ ਪਵਿੱਤਰ ਗੰਗਾ ਨਿਕਲਦੀ ਦਰਸਾਉਂਦੇ ਹਨ। ਇਹ ਕੇਸਾਂ ਦੀ ਪਵਿਤਰਤਾ ਦਾ ਪ੍ਰਤੀਬਿੰਬ ਹੈ ਅਤੇ ਮਥੇ ਪਰ ਚੰਦਰਮਾ ਦਰਸਾਂਦੇ ਹਨ। ਜੋ ਕੇਸਾਂ ਦਾ ਪ੍ਰਕਾਸ਼ ਹੈ।

ਦਸਮੇਸ਼ ਪਿਤਾ ਨੇ ਗੁਰਸਿਖਾਂ ਦੇ ਸੀਸ ਪਰ ਅੰਕਿਤ ਸਿੰਚ-ਕੇਸਾਂ ਨੂੰ ਸਬਰਜੀਤ ਕਰ ਗੁਰਬਾਣੀ ਦਵਾਰਾ ਬੁਧੀ ਪ੍ਰਕਾਸ਼ੀ ਹੈ। ਸੋ ਇਹ ਗੁਰਬਾਣੀ ਦਵਾਰਾ ਬੁਧੀ, ਗੰਗਾ ਜਿਹੀ ਪਵਿਤ੍ਰਤਾ ਅਤੇ ਚੰਦ੍ਰਮਾ ਜਿਹਾ ਪ੍ਰਕਾਸ਼ ਕਲਗੀਧਰ ਦੀ ਕਲਯੁਗੀ ਜੀਵਾਂ ਨੂੰ ਇਕ ਮਹਾਨ ਦੇਣ ਹੈ।

ਸੰਸਾਰ ਵਿਚ ਅਜ ਕਲ੍ਹ ਇਹ ਖ਼ਿਆਲ ਵਧ ਰਿਹਾ ਹੈ ਕਿ ਕੇਸ ਤਾਂ ਸਿਰਫ ਸਿਖਾਂ ਲਈ ਹਨ, ਇਹ ਇਨ੍ਹਾਂ ਦਾ ਇਕ ਧਾਰਮਿਕ ਚਿੰਨ੍ਹ ਹੈ। ਪਰ ਭੁਲੜ ਵੀਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੇਸ ਤਾਂ ਹਰ ਇਕ ਮਨੁੱਖ ਮਾਤ੍ਰ ਲਈ ਹਨ। ਇਨ੍ਹਾਂ ਦਾ ਸੰਬੰਧ ਮਨੁਖੀ ਸਰੀਰ ਨਾਲ ਹੈ। ਇਹ ਹਰ ਧਰਮ ਲਈ ਜ਼ਰੂਰੀ ਹਨ। ਸਿੱਖੀ ਤਾਂ ਸਿੱਖੀ ਰਹਿਤ ਬਹਿਤ ਵਿਚ ਹੈ। ਅਤੇ ਕੇਸਾਂ ਦੀ ਬੇਅਦਬੀ ਸਿਖ ਲਈ ਇਕ ਬਜਰ ਕੁਰਹਿਤ ਹੈ।

ਪੁਰਾਤਨ ਧਾਰਮਿਕ ਗ੍ਰੰਥ ਵੇਦ, ਪੁਰਾਣ, ਮੰਨੂੰ ਸਿਮ੍ਰਤੀ, ਪਰਾਸੁਰ ਸਿਮ੍ਰਤੀ, ਅੰਜੀਲ ਤੇ ਕੁਰਾਨ ਸ਼ਰੀਫ ਆਦਿ ਸਭ ਦੇ ਸਭ ਕੇਸਾਂ ਦੇ ਹੱਕ ਵਿਚ ਗਵਾਹੀ ਦਿੰਦੇ ਹਨ। ਕੁਰਾਨ ਸ਼ਰੀਫ ਦੀਆਂ ਕਈ ਆਇਤਾਂ ਜੋ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਚਾਚਾ ਅਬੂਉਲ ਜਹਿਲ ਅਤੇ ਹਜ਼ਰਤ ਸਾਹਿਬ ਦੀ ਸੁਪਤਨੀ ਹਜ਼ਰਤ ਆਇਸ਼ਾਂ ਨਾਲ ਸਬੰਧਤ ਹਨ, ਤੋਂ ਪਤਾ ਲਗਦਾ ਹੈ ਕਿ ਹਜ਼ਰਤ ਸਾਹਿਬ ਦੇ ਸਮੇਂ ਪੁਰਸ਼ ਕੇਸਾਧਾਰੀ ਸੀ। ਲੂਕਾ ਦੀ ਅੰਜੀਲ ਤਾਂ ਏਥੋਂ ਤੀਕ ਕਹਿੰਦੀ ਹੈ ਕਿ ਐ ਮਨੁੱਖ, 'ਤੇਰੇ ਸਿਰ ਦੇ ਸਭ ਵਾਲ ਗਿਣੇ ਹੋਏ ਹਨ।' ਮਨੂੰ ਸਿਮ੍ਰਤੀ ਅਤੇ ਪਰਾਸੁਰ ਸਿਮ੍ਰਤੀ ਕਈ ਪ੍ਰਕਾਰ ਦੇ ਗੁਨਾਹਾਂ ਲਈ ਰਾਜਾ, ਰਾਜ-ਪੁੱਤਰ ਅਤੇ ਵੇਦਾਂ ਦੇ ਜਾਨਣ ਵਾਲੇ ਨੂੰ ਫਾਂਸੀ ਦੇ ਬਦਲੇ ਸਿਰ ਮੁੰਡਾਉਣ ਦੀ ਸਜ਼ਾ ਦਾ ਵਰਨਣ ਕਰਦੀਆਂ ਹਨ। ਜਿਸ ਤੋਂ ਸਿੱਧ ਹੁੰਦਾ ਹੈ ਕਿ ਸਿਰ ਮੁੰਡਾਉਣਾ ਮੌਤ ਦੀ ਸਜ਼ਾ ਦੇ ਬਰਾਬਰ ਹੈ।

ਹਿੰਦੂ ਧਰਮ ਵਿਚ ਨਵਰਾਤਿਆਂ-ਸ਼ਰਾਧਾਂ ਜਾਂ ਕਿਸੇ ਨੂੰ ਮਾਤਾ (ਚੀਚਕ) ਨਿਕਲੀ ਹੋਵੇ, ਅਤੇ ਮੁਸਲਮਾਨ ਰੋਜ਼ਿਆਂ ਅਤੇ ਹੱਜ ਦੇ ਦਿਨਾਂ ਵਿਚ ਹਜਾਮਤ ਨਹੀਂ ਕਰਾਉਂਦੇ । ਇਸ ਤੋਂ ਸਿਧ ਹੁੰਦਾ ਹੈ ਕਿ ਕੇਸ ਕਟਾਣ ਮਹਾਨ ਪਾਪ ਅਤੇ ਅਧਰਮ ਹੈ। ਕੇਸ ਮੁੰਡਾਉਣਾ ਸ਼ੋਕ ਦਾ ਨਿਸ਼ਾਨ ਹੈ, ਨਾ ਕਿ ਖ਼ੁਸ਼ੀ ਦਾ।

ਗੁਰੂ ਨਾਨਕ, ਗੁਰੂ ਅਰਜਨ, ਭਗਤ ਕਬੀਰ ਅਤੇ ਭਗਤ ਨਾਮ ਦੇਵ (ਹੋਰ ਅਨੇਕ ਆਗੂਆਂ) ਨੇ ਆਪਣੀ ਬਾਣੀ ਦੁਆਰਾ ਰਬ ਦੀ ਸ਼ਕਲ ਅਨੇਕਾਂ ਟਿਕਾਣੇ ਕੇਸਾ -ਧਾਰੀ ਦਰਸਾਈ ਹੈ। ਜਿਹਾ ਕਿ-

੧. ਸੋਹਣੇ ਨਕ ਜਿਨ ਲੰਮੜੇ ਵਾਲਾ।
(ਗੁਰੂ ਨਾਨਕ ਦੇਵ ਜੀ)

੨. ਕੇਸ਼ਵ (ਕੇਸਾਂ ਵਾਲਾ) ਚਲਤ ਕਰੈ ਨਿਰਾਲੇ।
(ਗੁਰੂ ਅਰਜਨ ਦੇਵ ਜੀ)

੩. ਮੇਰੋ ਬਾਪ ਮਾਧਉ ਤੂੰ ਧੰਨ ...
(ਨਾਮਦੇਵ ਜੀ)

੪. ਕੇਸੋ ਕੇਸੋ ਕੂਕੀਐ........। (ਕਬੀਰ ਜੀ)

ਖ਼ਾਲਸੇ (ਸਿੰਘ) ਕੇਸਾਂ ਨਾਲ ਹੀ ਜ਼ਿੰਦਾ ਹਨ। ਕੇਸਾਂ ਦੇ ਪ੍ਰਤਾਪ ਨਾਲ ਹੀ ਇਕ ਇਕ ਖ਼ਾਲਸਾ ਲੱਖਾਂ ਧਰਮ- ਹੀਣਾਂ ਉਤੇ,ਭਾਰੂ ਹੁੰਦਾ ਹੈ। ਬ੍ਰਾਹਮਣਾਂ ਅਤੇ ਵਿਦਵਾਨਾਂ ਦੇ ਦੋਖੀਆਂ (ਸ਼ੂਦਰ ਰਾਜਾ ਨੰਦ ਜੈਸੇ) ਨੂੰ ਇਹਨਾਂ ਦਾ ਸਿਰ ਮੁੰਨਾ ਇਹਨਾਂ ਨੂੰ ਦਬਾਉ ਵਿਚ ਲੈ



www.AKJ.Org

ਆਂਦਾ। ਹੁਣ ਭਾਵੇਂ ਕੋਈ ਕਿੰਨਾ ਭੀ ਮਹਾਨ ਮਹਾਤਮਾ ਕਿਉ ਨ ਹੋਵੇ, ਪ੍ਰੰਤੂ ਪੁਰਾਣੇ ਜਟਾਜੂਟ ਰਿਸ਼ੀਆਂ ਜਿਹਾ ਹੋਣਾ ਅਸੰਭਵ ਹੈ, ਜਿਨ੍ਹਾਂ ਦੇ ਰਚਿਤ ਵੇਦ, ਸ਼ਾਸਤ੍ਰ ਅਤੇ ਪੁਰਾਣ ਆਦਿ ਰਹਿੰਦੀ ਦੁਨੀਆ ਤੀਕ ਪ੍ਰਚਲਤ ਰਹਿਣਗੇ।

ਸਿਖ ਹੋਰ ਚਾਹੋ ਕਿਤਨੇ ਭੀ ਮੰਦ ਕਰਮ ਕਰੇ, ਉਸ ਦੇ ਸੁਧਾਰਨ ਦੀ ਆਸ ਹੋ ਸਕਦੀ ਹੈ। ਪਰ ਕੇਸ -ਹੀਣ 'ਸਿਰ ਗੁੰਮ' ਹੁੰਦਾ ਹੈ। ਅਤੇ ਉਹਨਾਂ ਸਬੰਧੀ 'ਸਿਰ ਗੁੰਮਨ ਕੇ ਮੁਖ ਨਹੀ ਲਾਗੋ' ਗੁਰੂ ਕਾ ਹੁਕਮ ਹੈ।

ਕਈ ਭੁਲੜਾਂ ਦਾ ਕਹਿਣਾ ਹੈ ਕਿ ਸਿਖੀ ਕੋਈ ਕੇਸਾਂ ਵਿਚ ਵੜੀ ਪਈ ਹੈ,ਸਿਖੀ ਤਾਂ ਮਨ ਦੀ ਹੈ। ਇਹ ਇਕ ਵੱਡੀ ਭੁਲ ਹੈ। ਕੇਸਾਂ ਤੋਂ ਪਤਿਤ ਹੋਣਾ ਇਕ ਬਜਰ ਕੁਰਹਿਤ ਹੈ। ਉਹ ਖਾਲਸੇ ਦੀ ਅਰਦਾਸ 'ਸਿਖੀ ਕੇਸਾਂ ਸਵਾਸਾਂ ਸੰਗ ਨਿਭਾਉਣਾ' ਨੂੰ ਭੁਲ ਜਾਂਦੇ ਹਨ। ਉਹ ਕਲਗੀਧਰ ਦੇ ਫ਼ੁਰਮਾਨ 'ਰਹਿਣੀ ਰਹੇ ਸੋਈ ਸਿਖ ਮੇਰਾ' ਤੋਂ ਦੂਰ ਜਾ, ਕਿਵੇਂ ਗੁਰਸਿਖੀ ਦਾ ਦਾਅਵਾ ਕਰ ਸਕਦੇ ਹਨ।

ਧਿਆਨ ਨਾਲ ਸੋਚਣ ਵਾਲੀ ਗੱਲ ਹੈ ਕਿ ਕੋਈ ਮੋਮਿਨ ਸੁੰਨਤ ਸਬੰਧੀ ਅਤੇ ਸੂਰ ਦੇ ਮਾਸ ਤੋਂ ਪ੍ਰਹੇਜ਼ ਸਬੰਧੀ ਜਾਂ ਕੋਈ ਹਿੰਦੂ ਗਊ ਮਾਸ ਦੀ ਸ਼ਰਤ ਨੂੰ ਫ਼ਜ਼ੂਲ ਨਹੀਂ ਕਹਿ ਸਕਦਾ। ਸਿਰਫ ਆਤਮ-ਘਾਤੀਏ ਸਿਖ ਜਿਨ੍ਹਾਂ ਦੀ ਆਤਮਾ ਸਿਖੀ ਮਾਰਗ ਤੋਂ ਅਡਰਾ ਕੰਮ ਕਰਦੀ ਹੈ ਇਸ ਤਰ੍ਹਾਂ ਦੀ ਫ਼ਜ਼ੂਲ ਗੱਲ ਮੂੰਹੋਂ ਕਢਦੇ ਹਨ। ਗੁਰਸਿਖ ਦਾ ਪਰਮ ਧਰਮ ਹੈ ਕਿ ਉਹ ਗੁਰਮਤਿ ਤੋਂ ਵਿਰੁਧ ਕੋਈ ਗੱਲ ਨਾ ਸੁਣੇ ਅਤੇ ਨਾ ਕਰੇ।

ਕਈ ਹਠ-ਧਰਮੀ ਹੁਜਤ ਕਰਦੇ ਹਨ ਕਿ ਜੇਕਰ ਕੇਸ ਸਰੀਰਕ ਅੰਗ ਹਨ, ਤਦ ਨੌਂਹ ਭੀ ਤਾਂ ਸਰੀਰਕ ਅੰਗ ਹਨ, ਇਹ ਕਿਉਂ ਕਟੇ ਜਾਂਦੇ ਹਨ। ਇਹ ਇਕ ਫ਼ੋਕੀ ਅਤੇ ਵਜੂਦ ਬਗ਼ੈਰ ਦੀ ਦਲੀਲ ਹੈ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਕਿ ਕੇਸ (ਚੇਤਨ) ਜ਼ਿੰਦਾ ਵਸਤੂ ਹਨ ਅਤੇ ਆਪਣੀ ਉਮਰ ਆਯੂ ਭੋਗ ਕੇ ਮੁਰਦਾ ਹੋ ਜਾਂਦੇ ਹਨ, ਜੋ ਕਿ ਕੇਸਾਂ ਦੀ ਸਫ਼ਾਈ ਸਮੇਂ ਕੰਘੇ ਨਾਲ ਨਿਕਲ ਜਾਂਦੇ ਹਨ।

ਏਸੇ ਤਰ੍ਹਾਂ ਨੌਂਹ ਭੀ ਸਰੀਰਕ ਅੰਗ ਹਨ, ਉਂਗਲਾਂ ਅਤੇ ਪੈਰਾਂ ਦੇ ਪੋਟੇ ਇਨ੍ਹਾਂ ਸਿਵਾਏ ਕੰਮ ਕਰਨੋਂ ਅਸਮਰਥ ਹੁੰਦੇ ਹਨ। ਇਨ੍ਹਾਂ ਵਿਚ ਹਮੇਸ਼ਾ ਲਹੂ ਦੌਰਾ ਕਰਦਾ ਹੈ। ਜਿਸ ਹਿਸੇ ਵਿਚ ਲਹੂ ਦੌਰਾ ਨਾ ਕਰੇ, ਉਹ ਸੁਕ ਕੇ ਮੁਰਦਾ ਹੋ ਜਾਂਦੇ ਹਨ। ਸੋ ਸਿਧ ਹੋਇਆ ਕਿ ਨੌਂਹਾਂ ਦੇ ਦੋ ਹਿਸੇ ਹਨ। ਇਕ ਜਾਨਦਾਰ ਜਿਸ ਵਿਚ ਲਹੂ ਹਰਕਤ ਕਰਦਾ ਹੈ ਅਤੇ ਦੂਜਾ ਮੁਰਦਾ ਜਿਨ੍ਹਾਂ ਵਿਚੋਂ ਲਹੂ ਦਾ ਦੌਰਾ ਬੰਦ ਹੋ ਚੁਕਾ ਹੁੰਦਾ ਹੈ। ਸੋ ਇਨ੍ਹਾਂ ਮੁਰਦਾ ਨੌਂਹਾਂ ਦੀ ਸਫ਼ਾਈ ਅਤੀ ਜ਼ਰੂਰੀ ਹੈ ਵਰਨਾ ਇਹ ਨਿਕੰਮੇ ਮੁਰਦਾ ਨੌਂਹ ਬੇਢੱਬੇ ਟੁਟ ਕੇ ਜਾਂ ਫਟ ਕੇ ਸਰੀਰ ਨੂੰ ਦੁਖ ਦਿੰਦੇ ਹਨ ਅਤੇ ਉਨ੍ਹਾਂ ਵਿਚ ਮੈਲ ਜਾਂ ਕੋਈ ਚੀਜ਼ ਫਸ ਜਾਂਦੀ ਹੈ। ਸੋ ਇਨ੍ਹਾਂ ਦੀ ਦਰੁਸਤੀ ਲਈ ਕਿਸੇ ਤੇਜ਼ ਚੀਜ਼ ਨਾਲ ਕੱਟ ਦੇਣਾ ਹੀ ਉਚਿਤ ਹੈ।

ਨੌਂਹ ਤਾਂ ਅਸਲ ਵਿਚ ਪੋਟਿਆਂ ਨਾਲ ਲਹੂ ਵਾਲਾ ਹਿਸਾ ਹੈ। ਉਹ ਤਾਂ ਉਤਾਰਿਆ ਨਹੀਂ ਜਾ ਸਕਦਾ। ਜੋ ਉਤਾਰਿਆ (ਕਟਿਆ) ਜਾਂਦਾ ਹੈ ਉਹ ਸਿਰਫ਼ ਮੁਰਦਾ ਹਿਸਾ ਹੀ ਹੁੰਦਾ ਹੈ।

ਮਨੁਖ ਦੀ ਸ਼ਕਲ ਜੋ ਕਰਤਾਰ ਨੇ ਬਣਾਈ ਹੈ, ਇਸ ਪਰ ਇਤਰਾਜ਼ ਕਰਨਾ ਜਾਂ ਉਸ ਨੂੰ ਵਿਗਾੜਣਾ ਸਾਜਣਹਾਰ ਦੀ ਨਿੰਦਾ ਕਰਨਾ ਹੈ। ਕਰਤਾਰ ਨੇ ਹਰ ਇਕ ਜੀਵ ਮਾਤ੍ਰ ਨੂੰ ਅਕਲ, ਸ਼ਕਲ ਅਤੇ ਅੰਗ ਯੋਗ ਅਤੇ ਲੋੜ ਅਨੁਸਾਰ ਦਿਤੇ ਹਨ, ਪਰ ਮਨੁੱਖ ਜਿਸ ਨੂੰ ਅਸ਼ਰਫ਼ੁੱਲ ਮਖ਼ਲੂਕਾਤ ( ਸਭ ਜੂਨਾਂ ਦਾ ਸਰਦਾਰ) ਬਣਾਇਆ ਹੈ, ਇਸ ਦੀ ਅਕਲ ਭੌਂ ਗਈ ਹੈ, ਜੋ ਮਨੁੱਖੀ ਸ਼ਕਲ ਨੂੰ ਗ਼ਲਤ ਕਹਿ, ਕਰਤਾਰ ਦੀ ਭੁਲ ਕੱਢਣ ਅਤੇ ਦਾੜ੍ਹੀ ਕੇਸਾਂ ਦੀ ਮੁੰਡਾਈ ਕਰਨ ਪਰ ਹਮੇਸ਼ਾ ਲਗਿਆ ਰਹਿੰਦਾ ਹੈ।

ਅੰਤ ਮਨੁੱਖ ਕੇਸ ਮੁੰਡਾ ਮੁੰਡਾ ਕੇ ਹਾਰ ਜਾਂਦਾ ਹੈ ਅਰ ਮੌਤ ਆ ਜਾਂਦੀ ਹੈ। ਪਰੰਤੂ ਕੁਦਰਤ ਆਪਣਾ ਕੰਮ ਕਰੀ ਜਾਂਦੀ ਹੈ। ਅਤੇ ਨਿਤ ਨਵੇਂ ਕੇਸ ਪੈਦਾ ਕਰਦੀ ਰਹਿੰਦੀ ਹੈ।

ਕਾਦਰ ਦੀ ਕੁਦਰਤ ਅੰਨ੍ਹੇਵਾਹ ਨਹੀਂ ਚਲਦੀ। ਉਸ ਦਾ ਕੋਈ ਅਸੂਲ ਅਤੇ ਮਨੋਰਥ ਹੈ। ਜਿਸ ਤਰ੍ਹਾਂ ਮਨੁੱਖੀ ਸਰੀਰ ਅੰਦਰ ਬਹੱਤਰ ਹਜ਼ਾਰ ਬਰੀਕ ਨਾੜੀਆਂ ਦਾ ਜਾਲ ਵਿਛਿਆ ਪਿਆ ਹੈ, ਉਸ ਸਰਵੱਤ ਦੀ ਜੜ੍ਹਾਂ ਸਰੂਪ ਕੇਸ ਭੀ ਹਨ, ਜਿਨ੍ਹਾਂ ਦਾ ਕਿ ਸਰੀਰ ਦੇ ਹਰ ਅੰਗ ਨਾਲ ਸਬੰਧ ਹੈ।

ਵੇਦਾਂ ਸ਼ਾਸਤਰਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਅਨੁਸਾਰ ਪੁਰਾਤਨ ਸਮੇਂ ਵਿਚ ਜਿਸ ਨੂੰ ਮੌਤ ਦੀ ਸਜ਼ਾ ਦੇਣੀ ਹੁੰਦੀ, ਉਸ ਦੇ ਕੇਸ ਕਟ ਦਿਤੇ ਜਾਂਦੇ। ਅਤੇ, ਉਹ ਦਸਮ ਦੁਆਰ ਪਰ ਬੋਦੀ ਰਖ ਕੇ ਦਿਲ ਨੂੰ ਧਰਵਾਸਾ ਦਿੰਦਾ ਸੀ। ਏਸ ਤਰ੍ਹਾਂ ਉਸ ਨੂੰ ਆਤਮਿਕ ਅਤੇ ਸਰੀਰਕ ਸ਼ਕਤੀਆਂ ਤੋਂ ਵੰਚਤ , ਬੀਰਤਾ ਅਤੇ ਰਬੀ ਨੂਰ ਤੋਂ ਹੀਣਾ


www.AKJ.Org

ਕਰ ਸ਼ਰਮ ਵਿਚ ਪਾਇਆ ਜਾਂਦਾ ਸੀ।

ਇਹ ਗਿਰਾਉ ਮਹਾ ਭਾਰਤ ਮਗਰੋਂ ਸ਼ੂਦਰ ਰਾਜੇ ਨੰਦ ਤੋਂ ਵਧ ਗਿਆ। ਏਸ ਨੇ ਆਪਣੇ ਰਾਜ ਦੇ ਸਭ ਵਿਦਵਾਨਾਂ, ਪੰਡਤਾਂ ਅਤੇ ਵੀਰ ਪੁਰਸ਼ਾਂ ਨੂੰ ਦਕਸ਼ਣਾ ਦੇਣ ਬਹਾਨੇ ਇਕੱਠਾ ਕਰ ਧੋਖੇ ਨਾਲ ਕੇਸ-ਹੀਣ ਕਰ ਦਿਤਾ ਅਤੇ ਏਸ ਤਰ੍ਹਾਂ ਆਪਣੇ ਦਬਾਉ ਤਲੇ ਲਿਆਂਦਾ। ਇਨ੍ਹਾਂ ਕੇਸ-ਹੀਣ ਮਨੁੱਖਾਂ ਨੂੰ ਵੇਖ ਇਕ ਭੇਡ-ਚਾਲ ਚਲ ਪਈ ਅਤੇ ਇਹ ਆਦਤ ਏਨੀ ਵਧ ਗਈ ਕਿ ਸਮਾਂ ਆ ਗਿਆ ਕਿ ਕੇਸ ਰਖਣੇ ਮੌਤ, ਅਤੇ ਸਿਰ ਮੂੰਹ ਮੁੰਡਾਣਾ ਸਵਰਗ ਭਾਸਣ ਲਗ ਪਿਆ। ਇਹ ਹੈ ਕਲੀਕਾਲ ਦਾ ਪ੍ਰਭਾਵ ਕਿ ਚੰਗੀ ਚੀਜ਼ ਨੂੰ ਮਾੜਾ ਅਤੇ ਮਾੜੀ ਨੂੰ ਚੰਗਾ ਕਿਹਾ ਜਾਂਦਾ ਹੈ। ਜਿਵੇਂ ਕਿ ਗੁਰੂ ਨਾਨਕ ਮਹਾਰਾਜ ਦਾ ਕਥਨ ਹੈ ਕਿ:-

'ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ।'

ਯਾ ਫਿਰ ਕਿਸੇ ਸ਼ਾਇਰ ਦੇ ਕਥਨ ਅਨੁਸਾਰ:-

'ਅੱਛੇਂ ਕੋ ਬੁਰਾ ਸਾਬਤ ਕਰਨਾ-
ਦੁਨੀਆ ਕੀ ਪੁਰਾਨੀ ਆਦਿਤ ਹੈ।'

ਇਤਿਹਾਸ ਦੇ ਵਰਕੇ ਫੋਲਣ ਨਾਲ ਪਤਾ ਲਗਦਾ ਹੈ ਕਿ ਆਦਿ ਜੁਗਾਦਿ ਤੋਂ ਦੇਵਤੇ, ਪੈਗ਼ੰਬਰ ਕਵੀ, ਫਿਲਾਸਫਰ ਅਤੇ ਸਾਇੰਸਦਾਨ ਜਿਵੇਂ ਕਿ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ, ਕੰਸ, ਭਗਵਾਨ ਰਾਮ ਅਤੇ ਕ੍ਰਿਸ਼ਨ, ਆਦਮ, ਮੂਸਾਠ ਹਜ਼ਰਤ ਮੁੰਹਮਦ, ਖ਼ੁਦਾਵੰਦ ਯਸੂ ਮਸੀਹ, ਸੁਕਰਾਤ, ਹੋਮਰ, ਬਰਨਾਰਡ ਸ਼ਾਅ ਅਤੇ ਟੈਗੋਰ ਆਦਿ ਸਭ ਕੇਸਾਧਾਰੀ ਸਨ।

ਗੁਰਸਿਖੀ ਦੀ ਪਹਿਲੀ ਪਉੜੀ
ਕੇਸਾਧਾਰੀ ਹੋਣਾ ਹੈ :-

ਖ਼ਾਲਸਾ ਪੰਥ ਦੀ ਨੀਂਹ ਕੇਸਾਂ ਪਰ ਹੈ। ਕੇਸ-ਹੀਣ ਖ਼ਾਲਸਾ ਨਹੀਂ ਹੋ ਸਕਦਾ। ਕਲਗੀਧਰ ਨੇ ਕੇਸਾਂ ਲਈ ਕੇਸ-ਗੜ੍ਹ-'ਕੇਸ-ਰਖਯਕ-ਕਿਲ੍ਹਾ' ਤਿਆਰ ਕਰ ਐਲਾਨ ਕੀਤਾ ਕਿ 'ਕੇਸਾਂ ਦਾ ਕਾਤਲ' ਗੁਰਸਿਖੀ ਤੋਂ ਪਤਿਤ ਭਾਵ ਖ਼ਾਰਜ ਹੈ। ਉਹ ਮੁੜ ਅੰਮ੍ਰਿਤ ਪਾਨ ਕਰ ਕੇ ਹੀ ਖ਼ਾਲਸਾ ਪੰਥ ਵਿਚ ਸ਼ਾਮਲ ਹੋ ਸਕਦਾ ਹੈ ਅਤੇ ਸੰਪੂਰਨ ਰਹਿਤ ਨਾਲ ਹੀ ਗੁਰਸਿਖੀ ਦੀ ਪਦਵੀ ਪ੍ਰਾਪਤ ਕਰ ਸਕਦਾ ਹੈ।

ਪੰਜ ਪਿਆਰਿਆਂ ਨੇ ਆਪਣੇ ਸੀਸਾਂ ਦੀ ਭੇਟ ਦੇ, ਗੁਰੂ ਕਲਗੀਧਰ ਤੋਂ ਕੇਸਾਂ ਦੀ ਦਾਤ ਪ੍ਰਾਪਤ ਕੀਤੀ।

ਗੁਰਸਿਖ ਤਾਂ ਸਿਖੀ ਰਹਿਤ ਬਹਿਤ ਅਤੇ ਸਿਖੀ ਕੇਸਾਂ ਸਵਾਸਾਂ ਸੰਗ ਨਿਭਾਉਣ ਲਈ ਹੀ ਅਰਦਾਸ ਕਰਦਾ ਹੈ। ਏਸੇ ਰਹਿਤ ਬਹਿਤ ਦਾ ਸਦਕਾ ਸਾਡੇ ਸਾਹਮਣੇ ਭਾਈ ਤਾਰੂ ਸਿੰਘ, ਬੰਦਾ ਸਿੰਘ ਬਹਾਦੁਰ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਬੁਧੀਮਾਨ ਅਤੇ ਅਕਾਲੀ ਫੂਲਾ ਸਿੰਘ ਆਦਿ ਦੀਆਂ ਮਹਾਨ ਜੀਵਨੀਆਂ ਚਾਨਣ-ਮੁਨਾਰਾ ਬਣ ਕੇ ਰਹਿਣਗੀਆਂ। ਅਤੇ ਰਹਿੰਦੀ ਦੁਨੀਆਂ ਤੀਕ ਇਹ ਜੀਵਨੀਆਂ ਗੁਰਸਿਖਾਂ ਲਈ ਜੀਵਨ-ਜਾਚ ਅਤੇ ਮਾਰਗ ਦਰਸ਼ਨ ਦਿੰਦੀਆਂ ਰਹਿਣਗੀਆਂ।

ਅਜ ਦਿਨੋ ਦਿਨ ਵਧ ਰਹੀ ਸਾਇੰਸ ਅਤੇ ਬਿਨ-ਸੰਪ੍ਰਦਾਇਕਤਾ ਦੇ ਯੋਗ ਦੀ ਉਗਦੀ ਪਨੀਰੀ ਦੇ ਲਾਭ ਹਿਤ ਸਿਖ ਮਿਸ਼ਨਾਂ ਅਤੇ ਗੁਰਸਿਖ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਗੁਰਸਿਖ ਜੀਵਨੀਆਂ ਤੋਂ ਜਾਣੂ ਕਰਾ, ਗੁਰਸਿਖੀ ਮਾਰਗ ਅਤੇ ਰਹਿਤ ਦਾ ਪ੍ਰਕਾਸ਼ ਕਰਾਉਣ।

ਪੰਨਾ ੩੭ ਦਾ ਬਾਕੀ

ਸਹਿ ਨ ਸਕਿਆ ਤੇ ਭਾਈ ਸਾਹਿਬ ਭੀ ਸਤਿਗੁਰੂ ਜੀ ਦੇ ਸਾਹਮਣੇ ਹੀ ਆਰੇ ਨਾਲ ਚਿਰਾਏ ਗਏ।

ਓਪਰੀ ਨਜ਼ਰ ਨਾਲ ਸ਼ਾਇਦ ਕਿਸੇ ਨੂੰ ਇਹ ਕੁਰਬਾਨੀ ਸੁਖੱਲੀ ਜਾਪਦੀ ਹੋਵੇ। ਕਾਸ਼ੀ ਵਿਚ ਭੀ ਜਾ ਕੇ ਪੁਰਾਤਨ ਸਮੇਂ ਵਿਚ ਭੀ ਕਈ ਰਾਜੇ ਆਪਣੇ ਆਪ ਨੂੰ ਕਰੱਵਤ੍ਰ ਨਾਲ ਚਿਰਾਉਂਦੇ ਸੁਣੀਦੇ ਹਨ, ਪਰ ਫ਼ਰਕ ਜ਼ਮੀਨ ਆਸਮਾਨ ਦਾ ਹੈ।

ਅਨਿਕ ਤਪਸਿਆ ਕਰੇ ਅਹੰਕਾਰ।।
ਨਰਕ ਸੁਰਗ ਫਿਰਿ ਫਿਰਿ ਅਵਤਾਰ।।
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ।।
ਹਰਿ ਦਰਗਹ ਕਹੁ ਕੈਸੇ ਗਵੈ।।

(ਸੁਖਮਨੀ ਮ: ੫)

ਬਾਬਾ ਜੀ ਨੇ ਸੰਸਾਰ ਨੂੰ ਸੋਧਣ ਵਾਸਤੇ ਦਸ ਜਾਮੇ ਧਾਰੇ, ਖ਼ਾਲਸਾ ਪੰਥ ਸਾਜ ਨਿਵਾਜ ਕੇ ਦਸ ਜਾਮਿਆਂ ਵਿਚ ਕੀਤੀ ਕਾਰਗੁਜ਼ਾਰੀ ਦਾ ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਦੇ ਰੂਪ ਵਿਚ ਅੰਤਮ ਵੇਲੇ ਇਹ ਸਿੱਟਾ ਕੱਢ ਕੇ ਪੇਸ਼ ਕੀਤਾ-

'ਸਾਚੁ ਕਹਉ ਸੁਨਿ ਲੇਹੁ ਸਭੈ,
ਜਿਨਿ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ'।।

'ਪਰ ਇਸ ਔਖੀ ਘਾਟੀ ' ਤੇ ਟੁਰਨਾ ਇਕ ਇਲਾਹੀ ਖੇਡ ਹੈ-

'ਸੂਰੀ ਊਪਰਿ ਖੇਲਨਾ, ਗਿਰੈ ਤ ਠਾਹਰ ਨਾਹਿ'।।

ਸੂਰਾ



www.AKJ.Org

## ਰਿਸ਼ਤੇ ਨਾਤੇ

ਨੋਟ :- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਿਤਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-125 29 ਸਾਲਾ, ਕੱਦ 4'10," Under B.com, Hindi Steno ਅਤੇ ਹਿੰਦੀ ਅੰਗ੍ਰੇਜ਼ੀ ਟਾਈਪ ਜਾਣਦੀ ਗੁਰਮੁਖ ਬੀਬੀ ਲਈ ਵਰ ਦੀ ਲੋੜ ਹੈ।

LD-126 31 ਸਾਲਾ ਕੱਦ 5'6", ਮੈਟਰਿਕ ਪਾਸ ਆਪਣਾ ਕਾਰੋਬਾਰ 4000/-ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-135 26 ਸਾਲਾ ਕੱਦ 5' 5" B.ed. ਪਾਸ ਆਪਣੀ ਵਾਹੀਯੋਗ ਜ਼ਮੀਨ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-136 20 ਸਾਲਾ, ਕੱਦ 5' 6" ਮੈਟਰਿਕ ਪਾਸ, ਸਰਬ ਲੋਹ ਬਿਬੇਕੀ ਸਿਲਾਈ ਕਢਾਈ ਅਤੇ ਹੋਰ ਘਰੇਲੂ ਕੰਮ ਵਿਚ ਨਿਪੁੰਨ ਗੁਰਮੁਖ ਬੀਬੀ ਲਈ ਵਰ ਦੀ ਲੋੜ ਹੈ।

LD-137 28 ਸਾਲਾ, B.E. (Industrialand Production) ਪਾਸ 15 ਤੋਂ 20 ਹਜ਼ਾਰ ਰੁਪਏ ਮਹੀਨਾ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-138 Wanted Amritdhari, Wellsettled, Bussinessman, Officer, Doctor For Amritdhari Girl 23.5 years old, Height 5'3", Smart, fair complexioned, Convent Educated B.A. Doing M.A. (Music Vocal), Music & Religions Teacher Whole Family is educated & Amritdhari.

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ. ਮੋਹਿੰਦਰ ਸਿੰਘ | ੨੦੦/- | ਸ੍ਰ. ਮੋਹਿੰਦਰ ਸਿੰਘ | ੭੦੦/- |
| ਸ੍ਰ. ਰਜਿੰਦਰ ਸਿੰਘ | ੧੦੦/- | ਬੀਬੀ ਚਰਨਜੀਤ ਕੌਰ | ੩੨੦/- |
| ਸ੍ਰ. ਨਵਨੀਤ ਸਿੰਘ | ੫੦੦/- | ਸ੍ਰ. ਅਜੀਤ ਸਿੰਘ | ੨੦/- |

## ਫਰੀ ਲਿਟਰੈਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ. ਹਰਦੀਪ ਸਿੰਘ | ੫੦/- | ਸ੍ਰ. ਮਨਮੀਤ ਸਿੰਘ | ੫੧/- |
| ਸ੍ਰ. ਦਰਸ਼ਨ ਸਿੰਘ | ੧੦੦/- | ਸੰਗਤ ਸ਼ੇਰਪੁਰ | ੫੦੦/- |

## ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਤਰਾਂ ਦੇ ਚਿੱਠੀ, ਪੱਤਰ, ਜਾਂ ਹੋਰ ਛਪਣ ਸਮੱਗਰੀ ਭੇਜਣ ਸਮੇਂ ਆਪਣਾ ਨਾਮ ਅਤੇ ਪੂਰਾ ਪਤਾ ਸਾਫ਼ ਸਪਸ਼ਟ ਲਿਖੋ ਜੀ। ਨਾਮ ਪਤੇ ਤੋਂ ਬਗੈਰ ਕਿਸੇ ਵੀ ਪੱਤਰ ਤੇ ਵਿਚਾਰ ਨਹੀਂ ਹੋਵੇਗੀ ਜੀ।
2. ਕੋਈ ਵੀ ਚਿੱਠੀ ਪੱਤਰ ਜਾਂ ਰਚਨਾ ਸਾਫ਼ ਸਪਸ਼ਟ ਲਿਖਾਈ ਵਿਚ ਲਿਖ ਕੇ ਭੇਜੋ ਜੀ ਤਾਂ ਕਿ ਸਮਝਣ ਵਿਚ ਕੋਈ ਭੁਲੇਖਾ ਨਾ ਲੱਗੇ।

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।

## ਯੂ. ਕੇ. ਵਿਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਂ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11-AApollo Way PERRYBARR BIRMINGHIM-20(U.K.)

www.AKJ.Org

## ਬੀਬੀ ਤੇਜਿੰਦਰ ਕੌਰ ਜੀ ਚਲਾਣਾ ਕਰ ਗਏ



ਬੀਬੀ ਤੇਜਿੰਦਰ ਕੌਰ ਜੀ (ਸੁਪਤਨੀ ਪ੍ਰਿੰ: ਗੁਰਮੁਖ ਸਿੰਘ ਜੀ) ਜੱਥੇ ਦੀਆਂ ਮੋਢੀ ਕੀਰਤਨੀ ਬੀਬੀਆਂ ਵਿਚੋਂ ਇਕ ਸਨ ਜੋ ਸੰਨ 1948 ਤੋਂ ਲਗਾਤਾਰ 35 ਸਾਲ ਕੇਂਦਰੀ ਸਮਾਗਮਾਂ ਵਿਚ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਉਸ ਉਪਰੰਤ ਸਰੀਰਕ ਤੌਰ ਤੇ ਭਾਵੇਂ ਅਸਵਸਥ ਰਹੇ ਪਰ ਅੰਤਰ ਆਤਮੇ ਅੰਤਲੇ ਸਵਾਸਾਂ ਤੱਕ ਗੁਰਬਾਣੀ ਕੀਰਤਨ ਤੇ ਨਿਤਨੇਮ ਨਾਲ ਪੂਰੀ ਤਰ੍ਹਾਂ ਜੁੜੇ ਰਹੇ। ਅੰਤਲੇ ਦਿਨਾਂ ਵਿਚ ਬਿਮਾਰੀ ਕਾਰਨ ਆਪ ਸਕੇ ਸਬੰਧੀਆਂ ਨੂੰ ਪਛਾਨਣ ਤੋਂ ਅਸਮਰੱਥ ਹੋ ਗਏ ਪਰ ਨਿਤਨੇਮ ਅਤੇ ਗੁਰਬਾਣੀ ਪਾਠ ਨਹੀਂ ਖੁੰਝਾਇਆ। ਅੰਤਲੇ ਦਿਨ ਆਪ ਜੀ ਨੇ ਸੋਦਰ ਤੇ ਸੋਹਿਲੇ ਦਾ ਪਾਠ ਵੀ ਅੰਮ੍ਰਿਤ ਵੇਲੇ ਦੇ ਨਿਤਨੇਮ ਦੇ ਨਾਲ ਹੀ ਕਰ ਲਿਆ ਤੇ ਉਸ ਦਿਨ 11 ਜੁਲਾਈ 1997 ਨੂੰ ਗੁਰਪੁਰੀ ਪਿਆਨੇ ਕਰ ਗਏ। ਗੁਰੂ ਪਾਤਸ਼ਾਹ ਅਸਾਨੂੰ ਸਭ ਨੂੰ ਵੀ ਬੀਬੀ ਜੀ ਦੇ ਜੀਵਨ ਤੋਂ ਪ੍ਰੇਰਨਾ ਬਖਸ਼ਣ ਤਾਂ ਜੋ ਅਸੀ ਵੀ ਕੀਰਤਨ ਅਖਾੜਿਆਂ ਦੇ ਅਗੰਮੀ ਰਸ, ਚਲੂਲੇ ਰੰਗਾਂ ਵਿਚ ਭੁੰਚ ਸਕੀਏ।

---

### ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

7 ਤੋਂ 9 ਅਗਸਤ ਸ੍ਰੀ ਅਖੰਡ ਪਾਠ ਸਾਹਿਬ 9 ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ। ਦਾਸਰੇ :- ਅਖੰਡ ਕੀਰਤਨੀ ਜੱਥਾ ਅੰਬਾਲਾ।

---

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਰਾਮਗੜ੍ਹ (ਚੰਡੀਗੜ੍ਹ ਰੋਡ) ਲੁਧਿਆਣਾ ਵਿਖੇ 9 ਅਗਸਤ ਰਾਤ ਨੂੰ।

ਗੁ: ਥੜ੍ਹਾ ਸਾਹਿਬ ਪਿੰਡ ਹਜਾਰਾ (ਜਲੰਧਰ ਹੁਸ਼ਿਆਰਪੁਰ ਰੋਡ) ਜ਼ਿਲਾ ਜਲੰਧਰ ਵਿਖੇ ਰੈਣਿ ਸਬਾਈ ਕੀਰਤਨ 14 ਅਗਸਤ ਰਾਤ ਨੂੰ।

---

### ਅੰਬਾਲਾ ਛਾਉਣੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰਾਂ 1947 ਦੇ ਸ਼ਹੀਦਾਂ ਦੀ ਸਾਲਾਨਾ ਯਾਦ ਮਨਾਉਂਦੇ ਹੋਏ ਗੁ: ਗੋਬਿੰਦ ਨਗਰ ਵਿਖੇ 14 ਤੋਂ 16 ਅਗਸਤ ਅਖੰਡ ਪਾਠ ਸਾਹਿਬ ਅਤੇ ਸਵੇਰੇ ਸ਼ਾਮ ਦੇ ਕੀਰਤਨ ਸਮਾਗਮ ਹੋਣਗੇ। 16 ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

---

### ਯਮੁਨਾਨਗਰ ਵਿਖੇ ਅਖੰਡ ਕੀਰਤਨ ਸਮਾਗਮ

ਸ੍ਰ: ਦਵਿੰਦਰ ਸਿੰਘ ਜੀ ਦੇ ਗ੍ਰਿਹ 525 ਲੋਹਾਰਾ ਮਹੱਲਾ ਜਗਾਧਰੀ ਵਿਖੇ 31 ਅਗਸਤ ਐਤਵਾਰ ਸਵੇਰੇ 6 ਵਜੇ ਤੋਂ 12 ਵਜੇ ਤੱਕ ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਅਖੰਡ ਕੀਰਤਨ ਸਮਾਗਮ ਹੋਣਗੇ।

---

### ਖਰੜ ਭਾਈ ਕਰਨੈਲ ਸਿੰਘ ਦੇ ਗ੍ਰਿਹ ਵਿਖੇ ਅਖੰਡ ਕੀਰਤਨ ਸਮਾਗਮ

ਮਿਤੀ 2 ਸਤੰਬਰ 1997 ਸਵੇਰੇ 4 ਵਜੇ ਤੋਂ ਸ਼ਾਮ 8 ਵਜੇ ਤੱਕ ਭਾਈ ਸਾਹਿਬ ਦੇ ਗ੍ਰਿਹ 1820-K ਪ੍ਰੀਤ ਨਗਰ ਨੇੜੇ ਅਕਾਲੀ ਦਫਤਰ ਖਰੜ ਵਿਖੇ ਅਖੰਡ ਕੀਰਤਨ ਸਮਾਗਮ ਹੋਣਗੇ।

---

### ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਪਹਿਲੇ ਪ੍ਰਕਾਸ਼ ਉਤਸਵ' ਤੇ ਹਰ ਸਾਲ ਦੀ ਤਰਾਂ ਗੁ: ਸਾਹਿਬ ਸੈਕਟਰ 34 ਵਿਖੇ 4 ਸਤੰਬਰ ਸਵੇਰੇ 5.30 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ 9 ਵਜੇ ਤੱਕ। ਸ਼ਾਮ ਨੂੰ 5.30 ਤੋਂ 9 ਵਜੇ ਤੱਕ ਅਖੰਡ ਕੀਰਤਨ ਗੁ: ਅੰਬ ਸਾਹਿਬ ਵਿਖੇ। 5 ਸਤੰਬਰ ਸਵੇਰ, ਸ਼ਾਮ ਅਤੇ 6 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ, ਸ਼ਾਮ 7 ਵਜੇ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਸਾਹਿਬ ਸੈਕਟਰ 34 ਵਿਖੇ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ ਵਿਖੇ ਹੀ ਹੋਵੇਗਾ।

---

### ਬਟਾਲਾ ਵਿਖੇ 'ਵਿਆਹ ਪੁਰਬ' ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰੂ ਨਾਨਕ ਸੀ: ਸੈ: ਸਕੂਲ ਗੁਰਦਾਸਪੁਰ ਰੋਡ ਬਟਾਲਾ ਵਿਖੇ 13 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ।

---

### ਭਾਈ ਆਤਮਾ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਅੰਬਾਲਾ ਵਿਖੇ ਅਖੰਡ ਕੀਰਤਨ ਸਮਾਗਮ

ਗੁ: ਪੰਜੋਖਰਾ ਸਾਹਿਬ ਪਾ: ੮ਵੀ ਅੰਬਾਲਾ ਸ਼ਹਿਰ ਵਿਖੇ 27 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ।

---

### ਭਾਈ ਨਰੰਤਰ ਸਿੰਘ ਜੀ ਅੰਬਾਲਾ ਦੀ ਸਾਲਾਨਾ ਬਰਸੀ ਤੇ ਅਖੰਡ ਕੀਰਤਨ ਸਮਾਗਮ

ਗੁਰਦੁਆਰਾ ਸਾਹਿਬ ਡੇਰਾ ਬੱਸੀ ( ਅੰਬਾਲਾ-ਚੰਡੀਗੜ ਰੋਡ) ਵਿਖੇ 14 ਸਤੰਬਰ ਸਵੇਰੇ 6 ਤੋਂ 12 ਵਜੇ ਤੱਕ ਅਖੰਡ ਕੀਰਤਨ ਸਮਾਗਮ

### ਪਿੰਡ ਮੰਗਵਾਲ (ਨੇੜੇ ਸੰਗਰੂਰ) ਵਿਖੇ ਰੈਣਿ ਸਬਾਈ ਕੀਰਤਨ 20 ਸਤੰਬਰ ਰਾਤ ਨੂੰ

ਨੋਟ :- ਬੱਸ ਸਟੈਂਡ ਸੰਗਰੂਰ ਤੋਂ ਸੰਗਤਾਂ ਲਿਜਾਣ ਦਾ ਪ੍ਰਬੰਧ ਬਾਅਦ ਦੁਪਹਿਰ 4 ਵਜੇ ਤੋਂ 9 ਵਜੇ ਤੱਕ ਹੋਵੇਗਾ।

---

### ਪੈਰਿਸ (ਫਰਾਂਸ) ਵਿਖੇ ਸ਼ਹੀਦਾ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ

23 ਅਗਸਤ ਰਾਤ ਨੂੰ ਗੁ: ਸਿੰਘ ਸਭਾ-16-18-Rue-de-la-farme 9300 Bobigny France Tel. 33-1-48379897 ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।



www.AKJ.Org